ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

International Daily Newspaper & WEB TV

(ਯੂ. ਕੇ. ਤੋਂ ਪ੍ਰਕਾਸ਼ਿਤ)

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 5 ਮਾਰਚ 2025 (ਨਾਨਕਸ਼ਾਹੀ ਸੰਮਤ : ੫੫੬, ੨੨ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

### ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਤੋਂ ਬਣੀ ਭਰਤੀ ਕਮੇਟੀ ਨੇ ਅਰਦਾਸ ਉਪਰੰਤ ਭਰਤੀ ਦੇ ਆਗਾਜ਼ ਦਾ ਮੁੱਢ ਬੰਨ੍ਹਿਆ

# ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸਾਰੇ ਸੰਤ ਮਹਾਂਪੁਰਸ਼ਾਂ, ਪੰਥਕ ਦਲ, ਵੱਖ ਵੱਖ ਅਕਾਲੀ ਦਲਾਂ, ਟਕਸਾਲਾਂ ਆਦਿ ਨੂੰ ਸਾਥ ਦੇਣ ਦੀ ਅਪੀਲ

**ਸ੍ਰੀ ਅੰਮ੍ਰਿਤਸਰ ਸਾਹਿਬ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਲੰਘੇ ਸਾਲ ਦੀ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਸੁਣਾਈ ਗਈ ਧਾਰਮਿਕ ਸਜਾ ਉਪਰੰਤ ਪੰਥ ਦੀ ਨੁਮਾਇਦਾ ਸਿਆਸੀ ਜਮਾਤ ਨੂੰ ਤਕੜਾ ਕਰਨ ਲਈ ਬਣਾਈ ਸੱਤ ਮੈਂਬਰੀ ਭਰਤੀ ਕਮੇਟੀ

> ☚ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਹਰੇਕ ਪੰਜਾਬ ਪ੍ਰਸਤ ਪੰਜਾਬੀ ਦਾ ਸਾਥ ਮੰਗਾਂਗੇ ☚ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਨਾਲ ਪੰਜਾਬ ਤਰੱਕੀ ਦੀ ਰਫਤਾਰ ਫੜੇਗਾ ਤੇ ਭਾਈਚਾਰਕ ਸਾਂਝ ਮਜ਼ਬੂਤ ਹੋਵੇਗੀ

ਦੇ ਪੰਜ ਕਾਰਜਸ਼ੀਲ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਸਰਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਰਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਵੱਲੋ ਅੱਜ ਸ੍ਰੀ ਅਕਾਲ ਤਖ਼ਤ ਤੇ ਅਰਦਾਸ ਕਰਨ ਅਤੇ ਗੁਰੂ ਮਹਾਰਾਜ ਤੋਂ ਅਸ਼ੀਰਵਾਦ ਪ੍ਰਾਪਤ ਕਰਨ ਉਪਰੰਤ ਭਰਤੀ ਸ਼ੁਰੂ ਕਰਨ ਦਾ ਅਧਿਕਾਰਿਕ ਐਲਾਨ ਕੀਤਾ। ਪੰਜ ਮੈਂਬਰੀ ਭਰਤੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਆਪਣੀ ਦ੍ਰਿੜਤਾ,

ਆਵਾਜ਼ਿ ਕੌਮ AWAZE QAUM International Newspaper & WEB TV



ਵਚਨਬੱਧਤਾ, ਸਮਰਪਿਤ ਭਾਵਨਾ ਦਿਖਾਉਂਦਿਆਂ ਕਿਹਾ ਕਿ ਪੰਥ ਦੀ ਨੁਮਾਇੰਦਾ ਜਮਾਤ ਨੂੰ ਮਜ਼ਬੂਤ ਕਰਨ ਲਈ ਜਿਹੜੀ ਸੇਵਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਤੋ ਓਹਨਾ ਦੇ ਹਿੱਸੇ ਆਈ ਹੈ, ਉਸ ਸੇਵਾ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਬੜੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਪੂਰਾ ਕਰਨ ਲਈ ਪੂਰਨ ਤੌਰ ਤੇ ਤਿਆਰ ਹਨ। ਭਰਤੀ ਕਮੇਟੀ ਨੇ ਜਾਰੀ ਪ੍ਰੋਗਰਾਮ ਦੱਸਿਆ ਕਿ ਪੰਥ ਅਤੇ ਪੰਜਾਬ ਦੀ ਨੁਮਾਇਦਾ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ 18 ਮਾਰਚ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ਼ੁਰੂ ਕੀਤੀ ਜਾਵੇਗੀ। ਇਸ ਭਰਤੀ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜਨ ਲਈ ਲੋੜ ਮੁਤਾਬਿਕ ਅਕਾਲੀ ਸੋਚ ਰੱਖਣ ਵਾਲੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿੱਤ ਸਿੱਖ ਸੰਗਤ ਅਤੇ ਪੰਜਾਬੀਆਂ ਤੋਂ ਸਹਿਯੋਗ ਵੀ ਮੰਗਿਆ ਜਾਵੇਗਾ। ਭਰਤੀ ਕਮੇਟੀ ਮੈਂਬਰਾਂ ਨੇ ਜਾਣਕਾਰੀ ਸਾਂਝਾ ਕਰਦਿਆਂ ਕਿਹਾ ਕਿ, ਸ਼੍ਰੋਮਣੀ ਅਕਾਲੀ ਦਲ ਸਿਰਫ ਪੰਜਾਬ ਤੱਕ ਹੀ ਭਰਤੀ ਲਈ ਮਹਿਦੂਦ ਨਹੀਂ ਹੈ, ਹੋਰ ਸੂਬਿਆਂ ਵਿੱਚੋਂ ਖਾਸ ਕਰਕੇ ਦੇਸ਼ ਦੀ ਰਾਜਧਾਨੀ ਤੋਂ ਵੀ ਵੱਡੀ ਪੱਧਰ ਤੇ ਭਰਤੀ ਕੀਤੀ ਜਾਂਦੀ ਹੈ, ਇਸ ਲਈ ਆਉਣ ਵਾਲੇ ਕੁਝ ਦਿਨਾਂ ਤੱਕ ਭਰਤੀ ਕਮੇਟੀ ਆਪਣਾ ਪੂਰਾ ਪ੍ਰੋਗਰਾਮ ਜਾਰੀ ਕਰੇਗੀ। ਭਰਤੀ ਬਿਨਾ ਕਿਸੇ ਧੜੇਬੰਦੀ ਜਾਂ ਵਿਆਕਤੀ ਵਿਸ਼ੇਸ਼ ਦੇ ਹਰੇਕ ਲਈ ਖੁੱਲੀ ਹੋਵੇਗੀ। ਭਰਤੀ ਕਮੇਟੀ ਮੈਂਬਰਾਂ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ, ਅੱਜ ਭਰਤੀ ਲਈ ਅਰਦਾਸ ਕਰਨ ਉਪਰੰਤ ਮੈਂਬਰਸ਼ਿਪ ਲਈ ਕਾਪੀਆਂ ਛਪਾਉਣ ਲਈ ਮੁੱਢਲੀ ਰਾਇ ਕੀਤੀ ਗਈ ਹੈ, ਜਿਸ ਤਹਿਤ ਕਾਪੀਆਂ ਦੀ ਛਪਾਈ ਦਾ ਕੰਮ ਅਗਲੇ ਹਫਤੇ ਤੱਕ ਪੂਰਾ ਕਰ ਲਿਆ ਜਾਵੇਗਾ। ਭਰਤੀ ਕਮੇਟੀ ਮੈਂਬਰਾਂ ਨੇ ਸਮੁੱਚੇ ਅਕਾਲੀ ਧੜਿਆਂ ਨੂੰ ਅੱਗੇ ਆਕੇ ਇੱਕਮੁੱਠ ਹੋਕੇ ਭਰਤੀ ਕਰਨ ਦੀ ਮੁੜ ਪੁਰਜੋਰ ਅਪੀਲ ਕੀਤੀ। ਇਸ ਦੇ ਨਾਲ ਹੀ ਭਰਤੀ ਕਮੇਟੀ ਨੇ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿੱਤ ਸਮੂਹ ਸੰਤ ਸਮਾਜ, ਸੰਪਰਦਾਵਾਂ ਦੇ ਮੁਖੀਆਂ, ਟਕਸਾਲਾਂ ਅਤੇ ਪੰਥਕ ਦਲਾਂ ਨੂੰ ਭਾਵੇਂ ਅਸੀ ਨਿੱਜੀ ਤੌਰ ਤੇ ਮਿਲ ਕੇ ਵੀ ਬੇਨਤੀ ਕਰਾਂਗੇ ਪਰ ਅੱਜ ਮੀਡੀਆ ਰਾਹੀ ਵੀ ਬੇਨਤੀ ਕਰਦੇ ਹਾਂ ਕਿ ਭਰਤੀ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਕਿਰਪਾਲਤਾ ਕਰਨ।

(ਸੰਬੰਧਤ ਤਸਵੀਰਾਂ ਪੰਨਾ 2 'ਤੇ)

## ਛਾਪੇਮਾਰੀ ਕਰ ਚੁੱਕੇ ਕਈ ਕਿਸਾਨ, ਕੰਧਾਂ ਟੱਪ ਘਰਾਂ 'ਚ ਵੜੀ ਪੁਲਿਸ



**ਚੰਡੀਗੜ੍ਹ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ 'ਚ ਪ੍ਰਦਰਸ਼ਨ ਤੋਂ ਪਹਿਲਾਂ ਪੁਲਿਸ ਵੱਲੋਂ ਕਿਸਾਨ ਲੀਡਰਾਂ ਦੇ ਘਰਾਂ 'ਚ ਛਾਪੇਮਾਰੀ ਕਰ ਵੱਡੀ ਕਾਰਵਾਈ ਨੂੰ ਅੰਜ਼ਾਮ ਦਿੱਤਾ ਹੈ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੇ ਘਰ ਪੁਲਿਸ ਪਹੁੰਚੀ। ਪਰ ਉਹ ਘਰ 'ਚ ਮੌਜੂਦ ਨਹੀਂ ਸਨ। ਜਿਸ ਕਰਕੇ ਉਹ ਪੁਲਿਸ ਦੇ ਹੱਥ ਨਹੀਂ ਆ ਸਕੇ। ਸਵੇਰੇ ਤੋਂ ਹੀ ਪੁਲਿਸ ਵੱਲੋਂ ਕਿਸਾਨ ਲੀਡਰਾਂ ਦੇ ਘਰਾਂ 'ਚ ਛਾਪੇਮਾਰੀ ਜਾਰੀ ਹੈ। ਜ਼ਿਲ੍ਹਾ ਲੀਡਰ ਬੁੱਧ ਸਿੰਘ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ। ਪੁਲਿਸ ਕੰਧਾਂ ਟੱਪ ਕੇ ਘਰਾਂ 'ਚ ਦਾਖਲ ਹੋਈ, ਜਿਸ ਦੀ ਸਾਰੀ ਘਟਨਾ ਸੀਸੀਟੀਵੀ 'ਚ ਕੈਦ ਹੋ ਗਈ। ਦੱਸ ਦਈਏ ਬੀਤੀ ਦਿਨੀਂ ਯਾਨੀਕਿ 3 ਮਾਰਚ ਨੂੰ ਸੰਯੁਕਤ ਕਿਸਾਨ ਮੋਰਚਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਲਗਭਗ ਦੋ ਘੰਟੇ ਚੱਲੀ ਮੀਟਿੰਗ ਚੱਲੀ। ਹਾਲਾਂਕਿ, ਮੀਟਿੰਗ ਵਿੱਚ ਕਿਸੇ ਵੀ ਮੁੱਦੇ 'ਤੇ ਸਹਿਮਤੀ ਨਹੀਂ ਬਣ ਸਕੀ, ਜਿਸ ਕਰਕੇ ਇਹ ਮੀਟਿੰਗ ਬੇਸਿੱਟਾ ਹੀ ਰਹੀ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਐਲਾਨ ਕੀਤਾ ਕਿ ਕਿਸਾਨ 5 ਤਰੀਕ ਨੂੰ ਚੰਡੀਗੜ੍ਹ ਵਿੱਚ ਵਿਰੋਧ ਪ੍ਰਦਰਸ਼ਨ ਕਰਨਗੇ। ਕਿਸਾਨਾਂ ਦਾ ਇਲਜ਼ਾਮ ਹੈ ਕਿ ਮੁੱਖ ਮੰਤਰੀ ਗੁੱਸੇ ਵਿੱਚ ਆ ਗਏ ਅਤੇ ਮੀਟਿੰਗ ਵਿਚਕਾਰੋਂ ਹੀ ਚਲੇ ਗਏ। ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਪੋਸਟ ਕੀਤਾ ਅਤੇ ਲਿਖਿਆ ਹੈ ਕਿ 'ਅੱਜ ਪੰਜਾਬ ਭਵਨ ਵਿਖੇ ਹੋਈ ਮੀਟਿੰਗ ਵਿੱਚ, ਮੈਂ ਕਿਸਾਨ ਸੰਗਠਨਾਂ ਦੇ ਸਾਰੇ ਸਤਿਕਾਰਯੋਗ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਸੜਕਾਂ, ਰੇਲਵੇ ਨੂੰ ਰੋਕਣਾ ਜਾਂ ਪੰਜਾਬ ਨੂੰ ਬੰਦ ਕਰਨਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਇਨ੍ਹਾਂ ਕਾਰਨ ਜ਼ਿਆਦਾਤਰ ਆਮ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਦਾ ਸਮਾਜ ਦੇ ਹੋਰ ਵਰਗਾਂ ਦੇ ਕੰਮਕਾਜ ਅਤੇ ਕਾਰੋਬਾਰ 'ਤੇ ਵੀ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ, ਸਾਨੂੰ ਇਸ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।' **(ਫਾਈਲ ਫੋਟੋ)**

## ਆਸਟ੍ਰੇਲੀਆ ਦੇ ਸੈਂਟਰਲ ਵਿਕਟੋਰੀਆ ਵਿੱਚ ਸਿੱਖ ਸੁਰੱਖਿਆ ਗਾਰਡ ਦੀ ਦਸਤਾਰ ਦੀ ਬੇਅਦਬੀ ਅਤੇ ਕੇਸਾਂ ਦੀ ਖਿੱਚਧੂਹ

**ਨਵੀਂ ਦਿੱਲੀ 4 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਬੀਤੇ ਇਕ ਦਿਨ ਪਹਿਲਾਂ ਭਾਰਤ ਦੇ ਰਿਸ਼ੀਕੇਸ਼ ਵਿਚ ਸਿੱਖ ਵਪਾਰੀਆਂ ਨਾਲ ਕੀਤੀ ਦਸਤਾਰ ਦੀ ਬੇਅਦਬੀ, ਕੇਸਾਂ ਦੀ ਖਿੱਚਧੂਹ ਅਤੇ ਉਨ੍ਹਾਂ ਦੇ ਸ਼ੋਅ ਰੂਮ ਦੀ ਤੋੜ ਫੋੜ ਦੀ ਖ਼ਬਰ ਨਾਲ ਸਿੱਖ ਪੰਥ ਦੇ ਹਿਰਦੇ ਵਲੂੰਧਰੇ ਗਏ ਸਨ, ਓਥੇ ਹੀ ਆਸਟ੍ਰੇਲੀਆ ਦੇ ਇਕ ਮਾਲ ਅੰਦਰ ਸਿੱਖ ਗਾਰਡ ਨਾਲ ਵੀ ਦਸਤਾਰ ਦੀ ਬੇਅਦਬੀ, ਕੇਸਾਂ ਦੀ ਖਿੱਚਧੂਹ ਅਤੇ ਓਸ ਨੂੰ ਜਖਮੀ ਕਰਣ ਦੀ ਖ਼ਬਰ ਮਿਲ ਰਹੀ ਹੈਂ। ਆਸਟ੍ਰੇਲੀਆ ਦੇ ਸੈਂਟਰਲ ਵਿਕਟੋਰੀਆ ਦੇ ਬੇਂਡੀਗੋ ਵਿੱਚ ਇੱਕ ਸਿੱਖ ਸੁਰੱਖਿਆ ਗਾਰਡ 'ਤੇ ਨੌਂ ਨੌਜੁਆਨਾਂ ਨੇ ਮਿਲਕੇ ਹਮਲਾ ਕਰਦਿਆਂ ਓਸ ਦੀ ਦਸਤਾਰ ਅਤੇ ਕੇਸਾਂ ਦੀ ਬੇਅਦਬੀ ਕਰਣ ਦੇ ਨਾਲ ਓਸ ਨੂੰ ਗੰਭੀਰ ਰੂਪ ਵਿਚ ਜਖਮੀ ਕਰ ਦਿੱਤਾ ਹੈ। ਇਸ ਭਿਆਨਕ ਹਮਲੇ ਦੇ ਦੋਸ਼ੀ ਚਾਰ ਕਿਸ਼ੋਰਾਂ ਨੂੰ ਪੁਲਿਸ ਵਲੋਂ ਗ੍ਰਿਫਤਾਰ ਕੀਤਾ ਗਿਆ ਹੈ ਤੇ ਬਾਕੀਆਂ ਦੀ ਭਾਲ ਕੀਤੀ ਜਾ ਰਹੀ ਹੈ।





ਵਾਇਰਲ ਹੋਈ ਵੀਡੀਓ ਅੰਦਰ ਨੌਂ ਕਿਸ਼ੋਰਾਂ ਦੇ ਇੱਕ ਸਮੂਹ ਵਲੋਂ ਇਕ ਮਾਲ ਦੇ ਅੰਦਰ ਸੁਰੱਖਿਆ ਦਾ ਕੰਮ ਕਰਦੇ ਸਿੱਖ ਗਾਰਡ ਨੂੰ ਮੁੱਕੇ ਮਾਰਦੇ, ਲੱਤਾਂ ਮਾਰਦੇ ਅਤੇ ਜ਼ਮੀਨ 'ਤੇ ਘਸੀਟਦੇ ਹੋਏ ਫਿਲਮਾਇਆ ਗਿਆ ਸੀ, ਇਸ ਤੋਂ ਬਾਅਦ ਕਿ ਰਾਹਗੀਰਾਂ ਨੇ ਦਖਲ ਦਿੱਤਾ ਅਤੇ ਉਨ੍ਹਾਂ 'ਤੇ ਵੀ ਹਮਲਾ ਕੀਤਾ ਗਿਆ। ਪੁਲਿਸ ਦਾ

ਆਵਾਜ਼ਿ ਕੌਮ AWAZE QAUM International Newspaper & WEB TV

ਕਹਿਣਾ ਹੈ ਕਿ ਗਾਰਡ 'ਤੇ ਉਦੋਂ ਹਮਲਾ ਕੀਤਾ ਗਿਆ ਜਦੋਂ ਉਸਨੇ ਨੌਜਵਾਨਾਂ ਨੂੰ ਕੇਂਦਰ ਛੱਡਣ ਲਈ ਕਿਹਾ। ਕਿਉਕਿ ਓਹ ਲੋਕ ਓਥੇ ਹੰਗਾਮਾ ਕਰ ਰਹੇ ਸਨ, ਉੱਚੀ ਆਵਾਜ਼ ਵਿੱਚ ਸੰਗੀਤ ਵਜਾ ਰਹੇ ਸਨ ਅਤੇ ਸ਼ਰਾਬ ਪੀ ਰਹੇ ਸਨ। ਇਹ ਝਗੜਾ ਕੱਲ੍ਹ ਸ਼ਾਮ 4 ਵਜੇ ਤੋਂ ਬਾਅਦ ਬੇਂਡੀਗੋ ਮਾਰਕੀਟਪਲੇਸ ਵਿਖੇ ਹੋਇਆ, ਜਿਸ ਕਾਰਨ ਸੈਂਟਰ ਨੂੰ ਤਾਲਾਬੰਦ ਕਰ ਦਿੱਤਾ ਗਿਆ।

ਜਦੋਂ ਤੱਕ ਪੁਲਿਸ ਪਹੁੰਚੀ, ਉਦੋਂ ਤੱਕ ਨੌਜਵਾਨ ਮੌਕੇ ਤੋਂ ਭੱਜ ਚੁੱਕੇ ਸਨ। ਬੇਂਡੀਗੋ ਮਾਰਕੀਟਪਲੇਸ ਦੇ ਬੁਲਾਰੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਸੈਂਟਰ ਪ੍ਰਬੰਧਨ "ਅਵਿਸ਼ਵਾਸ਼ਯੋਗ ਤੌਰ 'ਤੇ ਨਿਰਾਸ਼" ਹੈ ਅਤੇ ਕਿਹਾ ਕਿ ਉਸਨੇ ਇਸ ਮਾਮਲੇ ਦੀ ਸੁਰੱਖਿਆ ਫੁਟੇਜ ਪੁਲਿਸ ਨੂੰ ਸੌਂਪ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਬੇਂਡੀਗੋ ਮਾਰਕੀਟਪਲੇਸ ਦੀ ਸੁਰੱਖਿਆ ਸਮੀਖਿਆ ਸ਼ੁਰੂ ਕਰ ਦਿੱਤੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਾਡੇ ਗਾਹਕ, ਸਟਾਫ਼ ਅਤੇ ਕਿਰਾਏਦਾਰ ਕੰਮ ਕਰਨ ਜਾਂ ਆਉਣ ਵੇਲੇ ਸੁਰੱਖਿਅਤ ਮਹਿਸੂਸ ਕਰਨ, ਕੇਂਦਰ ਭਰ ਵਿੱਚ ਸੁਰੱਖਿਆ ਦੀ ਮੌਜੂਦਗੀ ਵਧਾਵਾਂਗੇ।

## 10 ਮਾਰਚ ਨੂੰ ਜੇਲ੍ਹੋਂ ਬਾਹਰ ਆਉਣਗੇ ਭਾਈ ਅੰਮ੍ਰਿਤਪਾਲ ਸਿੰਘ ?

**ਚੰਡੀਗੜ੍ਹ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ-ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ 'ਵਾਰਿਸ ਪੰਜਾਬ ਦੇ' ਸੰਗਠਨ ਦੇ



ਮੁਖੀ ਅੰਮ੍ਰਿਤਪਾਲ ਸਿੰਘ ਦੀ ਸੰਸਦ ਵਿੱਚ ਗ਼ੈਰ ਮੌਜੂਦਗੀ ਮਾਮਲੇ ਦੀ ਸੁਣਵਾਈ ਕੀਤੀ। ਕੇਂਦਰ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਸ ਮੁੱਦੇ 'ਤੇ ਗਠਿਤ 15 ਮੈਂਬਰੀ ਕਮੇਟੀ ਨੇ ਆਪਣੀ ਵਿਚਾਰ-ਵਟਾਂਦਰਾ ਪੂਰਾ ਕਰ ਲਿਆ ਹੈ। ਕਮੇਟੀ ਦੀਆਂ ਸਿਫ਼ਾਰਸ਼ਾਂ 10 ਮਾਰਚ ਨੂੰ ਲੋਕ ਸਭਾ ਵਿੱਚ ਪੇਸ਼ ਕੀਤੀਆਂ ਜਾਣਗੀਆਂ, ਜਿਸ ਤੋਂ ਬਾਅਦ ਅੰਤਿਮ ਫੈਸਲਾ ਲਿਆ ਜਾਵੇਗਾ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮਿਤ ਗੋਇਲ ਦੀ ਡਿਵੀਜ਼ਨ ਬੈਂਚ ਸਾਹਮਣੇ ਸੁਣਵਾਈ ਦੌਰਾਨ ਭਾਰਤ ਦੇ ਵਧੀਕ ਸਾਲਿਸਟਰ ਜਨਰਲ ਸੱਤਿਆ ਪਾਲ ਜੈਨ ਅਤੇ ਵਕੀਲ ਧੀਰੇਜ਼ ਜੈਨ ਨੇ ਅਦਾਲਤ ਨੂੰ ਦੱਸਿਆ ਕਿ ਕਮੇਟੀ ਨੇ ਸੋਮਵਾਰ ਨੂੰ ਹੋਈ ਆਪਣੀ ਮੀਟਿੰਗ ਵਿੱਚ ਪੰਜ ਸੰਸਦ ਮੈਂਬਰਾਂ ਦੀਆਂ ਛੁੱਟੀਆਂ ਦੀਆਂ ਅਰਜ਼ੀਆਂ 'ਤੇ ਵਿਚਾਰ ਕੀਤਾ, ਜਿਨ੍ਹਾਂ ਵਿੱਚ ਅੰਮ੍ਰਿਤਪਾਲ ਸਿੰਘ ਵੀ ਸ਼ਾਮਲ ਸੀ। ਸੁਣਵਾਈ ਦੌਰਾਨ ਸੱਤਿਆ ਪਾਲ ਜੈਨ ਨੇ ਅਦਾਲਤ ਨੂੰ ਦੱਸਿਆ ਕਿ ਸੰਸਦੀ ਕਮੇਟੀਆਂ ਦੀ ਕਾਰਵਾਈ ਗੁਪਤ ਹੁੰਦੀ ਹੈ ਤੇ ਜਦੋਂ ਤੱਕ ਉਨ੍ਹਾਂ ਨੂੰ ਸੰਸਦ ਵਿੱਚ ਪੇਸ਼ ਨਹੀਂ ਕੀਤਾ ਜਾਂਦਾ, ਜਨਤਕ ਨਹੀਂ ਕੀਤਾ ਜਾ ਸਕਦਾ।

**ਕੀ ਹੈ ਮਾਮਲਾ** : ਅੰਮ੍ਰਿਤਪਾਲ ਸਿੰਘ, ਜੋ ਇਸ ਸਮੇਂ ਰਾਸ਼ਟਰੀ ਸੁਰੱਖਿਆ ਐਕਟ (NSA) ਦੇ ਤਹਿਤ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਬੰਦ ਹੈ, ਨੇ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰਕੇ ਸੰਸਦ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗੀ ਹੈ। ਉਨ੍ਹਾਂ ਦਾ ਤਰਕ ਹੈ ਕਿ ਉਨ੍ਹਾਂ ਦੀ ਲੰਮੀ ਗੈਰਹਾਜ਼ਰੀ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ ਤੇ ਉਨ੍ਹਾਂ ਦੇ ਹਲਕੇ ਦੇ 1.9 ਮਿਲੀਅਨ ਵੋਟਰਾਂ ਨੂੰ ਪ੍ਰਤੀਨਿਧਤਾ ਤੋਂ ਵਾਂਝਾ ਰੱਖਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਕੋਈ ਸੰਸਦ ਮੈਂਬਰ 60 ਦਿਨਾਂ ਤੋਂ ਵੱਧ ਸਮੇਂ ਲਈ ਗੈਰਹਾਜ਼ਰ ਰਹਿੰਦਾ ਹੈ, ਤਾਂ ਉਸਦੀ ਸੀਟ ਖਾਲੀ ਘੋਸ਼ਿਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਸੰਸਦ ਮੈਂਬਰ ਸਥਾਨਕ ਖੇਤਰ ਵਿਕਾਸ ਯੋਜਨਾ (MPLADS) ਦੇ ਤਹਿਤ ਆਪਣੇ ਸੰਸਦੀ ਹਲਕੇ ਵਿੱਚ ਵਿਕਾਸ ਪ੍ਰੋਜੈਕਟਾਂ ਸੰਬੰਧੀ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਮਿਲਣ ਦੀ ਇਜਾਜ਼ਤ ਵੀ ਮੰਗੀ ਹੈ।

### ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਤੋਂ ਬਣੀ ਭਰਤੀ ਕਮੇਟੀ ਨੇ ਅਰਦਾਸ ਉਪਰੰਤ ਭਰਤੀ ਦੇ ਆਗਾਜ਼ ਦਾ ਮੁੱਢ ਬੰਨ੍ਹਿਆ

# ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸਾਰੇ ਸੰਤ ਮਹਾਂਪੁਰਸ਼ਾਂ, ਪੰਥਕ ਦਲ, ਵੱਖ ਵੱਖ ਅਕਾਲੀ ਦਲਾਂ, ਟਕਸਾਲਾਂ ਆਦਿ ਨੂੰ ਸਾਥ ਦੇਣ ਦੀ ਅਪੀਲ














ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net

ਸ਼ਹੀਦੀ ਸ਼ਬਦ ਸਚੀ ਟਕਸਾਲ ॥ ਦਮਦਮੀ ਟਕਸਾਲ
ਨਾਮ ਜਪੋ Naam Japo
ਕਿਰਤ ਕਰੋ Kirat Karo
ਵੰਡ ਛਕੋ Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
वाहिगुरु जी का खालसा॥ WAHEGURU JI KA KHALSA
वाहिगुरु जी की फतहि॥ WAHEGURU JI KI FATEH
खंडे बाटे दी पाहुल छक के गुरु वाले बणे
Khande Bate di Pahul Shak Ke Guru Wale Bano
गुरबाणी संथिआ अते गुरमति सिखिआ नाल जुड़ो
Join Gurbani Santhia and Gurmat Sikhia
कीरतन कथा कवीशरी अते ढाडी वारां सिखो
Learn Kirtan Katha Kavishri and Dhadi Waran
गुरमुखी पंजाबी सिखो
Learn Gurmukhi Punjabi
गतका सिखो Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਦੇਗ ਤੇਗ ਫਤਹਿ | ਅੰਮ੍ਰਿਤ ਛਕੋ ਸਿੰਘ ਸਜੋ - ਨਸ਼ੇ ਛੱਡੋ ਕੋਹੜ ਵੱਡੋ | ਪੰਥ ਕੀ ਜੀਤ

## ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਤਿੰਨ ਰੋਜ਼ਾ

# ਮਹਾਨ ਗੁਰਮਤਿ ਸਮਾਗਮ

ਗੁਰਦੁਆਰਾ ਸ੍ਰੀ ਨਾਮਦੇਵ ਭਵਨ, ਅਕਾਲਸਰ ਰੋਡ, ਮੋਗਾ ਵਿਖੇ ਮਿਤੀ 25-26-27 ਮਾਰਚ, 2025 ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਸ਼ਾਮ 6.00 ਤੋਂ 9.15 ਵਜੇ ਤੱਕ ਦੀਵਾਨ ਸਜਾਏ ਜਾਣਗੇ । ਜਿਸ ਵਿੱਚ ਪੰਥ ਦੇ ਮਹਾਨ ਕੀਰਤਨ, ਕਥਾ ਵਾਚਕ, ਢਾਡੀ, ਕਵਿਸ਼ਰੀ ਸਿੰਘ ਹਾਜ਼ਰੀਆਂ ਭਰਨਗੇ ਇਸ ਹੋ ਰਹੇ ਮਹਾਨ ਗੁਰਮਤਿ ਸਮਾਗਮ ਵਿੱਚ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ ।

**ਮਿਤੀ 25 ਮਾਰਚ, 2025**
**ਦਿਨ ਮੰਗਲਵਾਰ**
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਮੋਹਣ ਸਿੰਘ ਹਜੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਕਥਾ --- 7:40 ਤੋਂ 9:15 ਵਜੇ ਤੱਕ
(ਪੰਥ ਦੇ ਮਹਾਨ ਕਥਾ ਵਾਚਕ ਗਿਆਨੀ ਨਿਰਮਲ ਸਿੰਘ ਧੂਲਕੋਟ)

**ਮਿਤੀ 26 ਮਾਰਚ, 2025**
**ਦਿਨ ਬੁੱਧਵਾਰ**
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਮੋਹਣ ਸਿੰਘ ਹਜੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਢਾਡੀ --- 7:40 ਤੋਂ 9:15 ਵਜੇ ਤੱਕ
(ਭਾਈ ਸੁਖਵਿੰਦਰ ਸਿੰਘ ਢਾਡੀ ਜੱਥਾ)

**ਮਿਤੀ 27 ਮਾਰਚ, 2025**
**ਦਿਨ ਵੀਰਵਾਰ**
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਮੋਹਣ ਸਿੰਘ ਹਜੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਢਾਡੀ --- 7:40 ਤੋਂ 9:15 ਵਜੇ ਤੱਕ
(ਪੰਥ ਦੇ ਮਹਾਨ ਕਥਾ ਵਾਚਕ ਗਿਆਨੀ ਸੁਖਦੇਵ ਸਿੰਘ ਡੱਲਾ)







ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਸੁਖਦੇਵ ਸਿੰਘ ਡੱਲਾ



ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਨਿਰਮਲ ਸਿੰਘ ਧੂਲਕੋਟ

ਅੰਮ੍ਰਿਤ ਛਕੋ ਸਿੰਘ ਸਜੋ - ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ
ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਪੁੱਤਰੋ ਧੀਓ ਅੰਮ੍ਰਿਤ ਧਾਰੀ ਹੋ ਕੇ ਜੀਓ।

ਮਿਤੀ 28 ਮਾਰਚ, 2025 ਦਿਨ ਸ਼ੁਕਰਵਾਰ ਨੂੰ ਸਵੇਰੇ 11:30 ਵਜੇ ਮਹਾਨ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਪ੍ਰਾਣੀ ਕੇਸੀ ਇਸ਼ਨਾਨ ਕਰਕੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ਕਕਾਰਾਂ ਦੀ ਸੇਵਾ ਫਰੀ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :
ਭਾਈ ਗੁਰਮੀਤ ਸਿੰਘ ਸਲੀਣਾ (UK) 73409-17046
ਭਾਈ ਹਰਮੇਲ ਸਿੰਘ ਮੋਗਾ 94171-39213

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਵੱਲੋਂ : ਗੁਰਦੁਆਰਾ ਨਾਮਦੇਵ ਭਵਨ ਪ੍ਰਬੰਧਕੀ ਕਮੇਟੀ, ਮੋਗਾ
ਮੋ: 99156-86386

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com

E-mail : gnstuk@hotmail.com

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ॥

# 6 ਮਾਰਚ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਗੁਰੂ ਰਾਮਦਾਸ ਪਾਤਿਸ਼ਾਹ ਜੀਆਂ ਦੇ ਲੰਗਰਾਂ ਵਿੱਚ ਸੇਵਾ ਕੀਤੀ ਜਾਵੇਗੀ



ਇੰਟਰਨੈਸ਼ਨਲ ਪੰਥਕ ਦਲ ਦੇ ਸਾਰੇ ਅਹੁਦੇਦਾਰ ਤੇ ਵਰਕਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਜੀਆਂ ਦੇ ਹੁਕਮ ਅਨੁਸਾਰ ਹਰੇਕ ਮਹੀਨੇ ਜੋ ਗੁਰੂ ਰਾਮਦਾਸ ਸਾਹਿਬ ਮਹਾਰਾਜ ਜੀਆਂ ਦੇ ਲੰਗਰਾਂ ਵਿੱਚ ਸੇਵਾ ਕੀਤੀ ਜਾਂਦੀ ਹੈ,ਇਸ ਵਾਰ 6 ਮਾਰਚ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਗੁਰੂ ਰਾਮਦਾਸ ਪਾਤਿਸ਼ਾਹ ਜੀਆਂ ਦੇ ਲੰਗਰਾਂ ਵਿੱਚ ਸੇਵਾ ਕੀਤੀ ਜਾਵੇਗੀ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਇੰਟਰਨੈਸ਼ਨਲ ਪੰਥਕ ਦਲ
INTERNATIONAL PANTHIC DAL

ਸਾਰੇ ਅਹੁਦੇਦਾਰ ਤੇ ਵਰਕਰ ਸਾਹਿਬਾਨਾਂ ਨੇ ਸਮੇਂ ਸਿਰ ਪਹੁੰਚ ਕੇ ਹੱਥੀਂ ਸੇਵਾ ਕਰਕੇ ਗੁਰੂ ਰਾਮਦਾਸ ਪਾਤਿਸ਼ਾਹ ਜੀਆਂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ



ਜੱਥੇਦਾਰ ਦਲੀਪ ਸਿੰਘ ਚਕਰ
ਆਲ ਇੰਡੀਆ ਕਨਵੀਨਰ
ਇੰਟਰਨੈਸ਼ਨਲ ਪੰਥਕ ਦਲ

★ ਬੇਨਤੀ ਕਰਤਾ ★

ਜੱਥੇਦਾਰ ਦਲੀਪ ਸਿੰਘ ਚਕਰ
ਆਲ ਇੰਡੀਆ ਕਨਵੀਨਰ ਇੰਟਰਨੈਸ਼ਨਲ ਪੰਥਕ ਦਲ

ਆਵਾਜ਼ਿ ਕੌਮ AWAZE QAUM International Newspaper & WEB TV





ਸੰਤ ਬਾਬਾ ਮੇਹਰ ਸਿੰਘ ਜੀ ਦੀ ਪੰਚੀਵੀਂ ਸਲਾਨਾ ਯਾਦ ਵਿੱਚ

# ਪਿੰਡ ਲੱਡਾ ਵਿਖੇ ਗੁਰਮਿਤ ਸਮਾਗਮ ਕਰਵਾਇਆ

**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਸਾਹਿਬ ਵਾਲਿਆਂ ਤੋਂ ਵਰੋਸਾਏ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਮੇਹਰ ਸਿੰਘ ਜੀ ਰਾਮ ਜੀ ਪੰਚੀਵੀਂ ਸਲਾਨਾ ਬਰਸੀ 27,28 ਫਰਵਰੀ ਅਤੇ 1 ਮਾਰਚ ਨੂੰ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀ, ਪਿੰਡ ਲੱਡਾ ਵਿਖੇ ਮੌਜੂਦਾ ਮੁਖੀ ਸ੍ਰੀਮਾਨ ਸੰਤ ਬਾਬਾ ਸੁਖਰਾਜ ਸਿੰਘ ਦੀ ਅਗਵਾਈ ਹੇਠ ਬੜੀ ਹੀ ਸਰਧਾਂ ਭਾਵਨਾ ਨਾਲ ਮਨਾਈ ਗਈ। ਜਿਸ ਵਿੱਚ ਸੰਤ ਬਾਬਾ ਸਾਧੂ ਰਾਮ ਟਿੱਬੇ ਵਾਲਿਆਂ ਦੇ ਪਰਿਵਾਰ ਵਿੱਚੋਂ ਸੰਤ ਬਾਬਾ ਹਰਦੀਪਕ ਸਿੰਘ ਖਾਲਸਾ ਟਿੱਬੇ ਵਾਲੇ , ਭਾਈ ਧਰਮ ਸਿੰਘ ਜੀ ਲੋਗੋਂਵਾਲ ਵਾਲੇ, ਭਾਈ ਵਿਕਰਮਜੀਤ ਸਿੰਘ ਮਸਤੂਆਣਾ ਸਾਹਿਬ ਵਾਲੇ ਅਤੇ ਸੰਤ ਬਾਬਾ ਬਾਬਾ ਪਰਮਪ੍ਰੀਤ ਸਿੰਘ ਖਾਲਸਾ ਨੱਥਲਮਪੁਰ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕਥਾ ਵਿਚਾਰਾਂ ਰਾਹੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨਾ ਕੀਤਾ। ਇਸ ਮੌਕੇ ਸਰਪੰਚ ਮਿੱਠੂ ਲੱਡਾ, ਜਗਸੀਰ ਸਿੰਘ ਲੱਡਾ , ਜਗਰੂਪ ਸਿੰਘ ਲੱਡਾ, ਦੀਪ ਹੇਹਰ, ਜਗਜੀਤ ਸਿੰਘ ਲੱਡਾ ਸਾਬਕਾ ਸਰਪੰਚ ਗੁਰਚਰਨ ਸਿੰਘ, ਹਾਜਰ ਸਨ।

## ਸੰਤ ਬਾਬਾ ਪਰਮਪ੍ਰੀਤ ਸਿੰਘ ਨਥਮਲਪੁਰ ਵਾਲਿਆ ਨੇ ਸੰਗਤਾਂ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨਾ ਕੀਤਾ




ਆਵਾਜ਼ਿ ਕੌਮ AWAZE QAUM International Newspaper & WEB TV

### ਨਸ਼ਿਆਂ ਖ਼ਿਲਾਫ਼ ਵੀ ਵਿੱਢੀ ਜਾਵੇਗੀ ਜਾਗਰੂਕਤਾ ਮੁਹਿੰਮ- ਬਲਤੇਜ ਸਿੰਘ ਰੋਮਾਣਾ

# ਪਿੰਡ ਦਾਦੂ ਦੀ ਪੰਚਾਇਤ ਵੱਲੋਂ ਪਿੰਡ ਵਿੱਚ ਲਗਾਏ ਸਜਾਵਟੀ ਪੌਦੇ





**ਤਲਵੰਡੀ ਸਾਬੋ/ਕਾਲਾਂਵਾਲੀ, 4 ਮਾਰਚ (ਗੁਰਜੰਟ ਸਿੰਘ ਨਥੇਹਾ)**- ਬਲਾਕ ਔਢਾਂ ਦੇ ਅਧੀਨ ਪੈਂਦੇ ਪਿੰਡ ਦਾਦੂ ਦੇ ਸਰਪੰਚ ਬਲਤੇਜ ਸਿੰਘ ਰੋਮਾਣਾ ਦੀ ਅਗਵਾਈ ਹੇਠ ਸਮੂਹ ਪੰਚਾਇਤ ਵੱਲੋਂ ਪਿੰਡ ਦੀ ਆਨ ਤੇ ਸ਼ਾਨ ਅਤੇ ਪਿੰਡ ਦੀ ਰੌਣਕ ਵਧਾਉਣ ਲਈ ਸਜਾਵਟੀ ਪੌਦੇ ਲਗਾਏ ਗਏ ਤੇ ਨਾਲ-ਨਾਲ ਪਿੰਡ ਵਾਸੀਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਸਰਪੰਚ ਬਲਤੇਜ ਸਿੰਘ ਰੋਮਾਣਾ ਨੇ ਕਿਹਾ ਕਿ ਗ੍ਰਾਮ ਪੰਚਾਇਤ ਵੱਲੋਂ ਪਿੰਡ ਵਿੱਚ ਇਸ ਕਾਰਜ਼ ਲਈ ਪਿੰਡ ਵਾਸੀਆਂ ਦਾ ਵਧੇਰੇ ਸਹਿਯੋਗ ਰਿਹਾ। ਉਨਾਂ ਕਿਹਾ ਕਿ ਪਿੰਡ ਦੇ ਸਰਵਪੱਖੀ ਵਿਕਾਸ ਦੇ ਮੱਦੇਨਜ਼ਰ ਗ੍ਰਾਮ ਪੰਚਾਇਤ ਵੱਲੋਂ ਪਿੰਡ ਵਾਸੀਆਂ ਖ਼ਾਸ ਕਰ ਨੌਜਵਾਨਾਂ ਦੇ ਸਹਿਯੋਗ ਨਾਲ ਹਰ ਹੀਲੇ ਕੀਤੇ ਜਾਣਗੇ। ਉਨਾਂ ਕਿਹਾ ਕਿ ਰੁੱਖ ਲਗਾਉਣਾ ਹਰ ਇੱਕ ਪ੍ਰਾਣੀ ਦਾ ਮੁੱਢਲਾ ਫਰਜ਼ ਵੀ ਕਿਓਂਕਿ ਰੁੱਖ ਸਾਡੇ ਜੀਵਨ ਦੇ ਅਧਾਰ ਹਨ ਉਨਾਂ ਕਿਹਾ ਕਿ ਅਗਲੇ ਦਿਨਾਂ ਵਿੱਚ ਪਿੰਡ ਦੇ ਹੋਰ ਵੀ ਕਈ ਜਨਤਕ ਥਾਵਾਂ 'ਤੇ ਸਾਫ਼ ਸਫ਼ਾਈ ਕਰਕੇ ਬੂਟੇ ਲਗਾਏ ਜਾਣਗੇ। ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਕਿ ਨੌਜਵਾਨਾਂ ਨੂੰ ਨਸ਼ਿਆਂ ਰੋਕਣ ਲਈ ਵੀ ਪੰਚਾਇਤ ਵਲੋਂ ਮੁਹਿੰਮ ਛੇੜੀ ਜਾਵੇਗੀ ਜਿਸ ਵਿਚ ਨਸ਼ਿਆਂ ਦੀ ਰੋਕਥਾਮ ਅਤੇ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਵੀ ਇਸ ਕਾਰਜ ਲਈ ਗ੍ਰਾਮ ਪੰਚਾਇਤ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਪਿੰਡ ਦੇ ਲੋਕ ਭਲਾਈ ਹਿਤ ਕਾਰਜਾਂ ਲਈ ਉਹ ਹਰ ਸਮੇਂ ਪੰਚਾਇਤ ਨਾਲ਼ ਖੜ੍ਹੇ ਹਨ।

### ਸੀਵਰੇਜ ਦੀ ਸਮੱਸਿਆ ਸਬੰਧੀ ਸਿਲਵਰ ਸਿਟੀ ਵਾਸੀਆਂ ਨੇ

# ਬੀਬਾ ਬਲਜਿੰਦਰ ਕੌਰ ਨੂੰ ਮੰਗ ਪੱਤਰ ਦਿੱਤਾ



ਤਲਵੰਡੀ ਸਾਬੋ, 04 ਫਰਵਰੀ (ਗੁਰਜੰਟ ਸਿੰਘ ਨਥੇਹਾ)– ਗੁਰੂ ਰੋਡ ਉੱਪਰ ਸਥਿਤ ਸਿਲਵਰ ਸਿਟੀ ਵਾਸੀਆਂ ਨੇ ਲੰਬੇ ਸਮੇਂ ਤੋਂ ਚੱਲ ਰਹੀ ਸੀਵਰੇਜ ਦੀ ਸਮੱਸਿਆ ਸਬੰਧੀ ਸਿਲਵਰ ਸਿਟੀ ਰੈਜੀਡੈਂਸ਼ੀਅਲ ਵੈਲ.ਫੇਅਰ ਸੁਸਾਇਟੀ (ਰਜਿ.) ਦੇ ਅਹੁਦੇਦਾਰ ਅਤੇ ਹੋਰ ਵਸਨੀਕ ਕੈਬਨਿਟ ਰੈਂਕ ਪ੍ਰਾਪਤ ਹਲਕਾ ਵਿਧਾਇਕਾ ਬੀਬਾ ਬਲਜਿੰਦਰ ਕੌਰ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਮਿਲੇ ਅਤੇ ਸਿਲਵਰ ਸਿਟੀ ਵਾਸੀਆਂ ਨੂੰ ਸੀਵਰੇਜ ਦੀ ਸਮੱਸਿਆਵਾਂ ਸਬਧੀ ਆ ਰਹੀਆਂ ਮੁਸ਼ਿਕਲਾਂ ਸਬੰਧੀ ਜਾਣੂ ਕਰਵਾਇਆ ਅਤੇ ਇੱਕ ਮੰਗ ਪੱਤਰ ਦਿੱਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਰਿੰਪਾ ਨੇ ਦੱਸਿਆ ਕਿ ਕਲੋਨੀ ਅੰਦਰ ਲਗਭਗ 100 ਦੇ ਕਰੀਬ ਅਬਾਦੀ ਹੋ ਚੁੱਕੀ ਹੈ, ਕਲੋਨੀ ਦੇ ਅੰਦਰ ਸੀਵਰੇਜ ਪਾਇਆ ਹੋਇਆ ਹੈ ਪ੍ਰੰਤੂ ਬਾਹਰ ਗੁਰੂਸਰ ਰੋਡ ਉੱਪਰ ਸੀਵਰੇਜ ਦੀ ਪਾਈਪ ਲਾਈਨ ਨਾ ਹੋਣ ਕਾਰਨ ਇਸ ਨੂੰ ਮੇਨ ਲਾਈਨ ਨਾਲ ਨਹੀਂ ਜੋੜਿਆ ਜਾ ਸਕਦਾ, ਗੁਰੂਸਰ ਰੋਡ ਉਪ ਸੀਵਰੇਜ ਪਾਈਪ ਲਾਈਨ ਨਾ ਪਈ ਹੋਣ ਕਾਰਨ ਇਸ ਸੜਕ ਦੇ ਆਸ ਪਾਸ ਰਹਿ ਰਹੀ ਅਬਾਦੀ ਵੀ ਸੀਵਰੇਜ ਦੀ ਸਮੱਸਿਆ ਦਾ ਸਾਹਮਣਾ ਕਰ ਰਹੀ ਰਹੀ, ਅਬਾਦੀ ਵਧਣ ਕਾਰਨ ਕਲੋਨੀ ਅੰਦਰ ਬਣੇ ਹੋਏ ਡੱਗ ਭਰ ਚੁੱਕੇ ਹਨ ਜਿਸ ਸਦਕਾ ਸੀਵਰੇਜ ਦਾ ਪਾਣੀ ਬਾਹਰ ਗੁਰੂਸਰ ਰੋਡ ਉੱਪਰ ਓਵਰ ਫਲੋਅ ਹੋ ਰਿਹਾ ਹੈ ਜਿਸ ਕਾਰਨ ਸੜਕ ਉੱਪਰੋਂ ਲੰਘਣ ਵਾਲੇ ਰਾਹੀਆਂ, ਕਲੋਨੀ ਵਾਸੀਆਂ ਅਤੇ ਕਲੋਨੀ ਦੇ ਸਾਹਮਣੇ ਵਸੇ ਮੁਹੱਲਾ ਨਿਵਾਸੀਆਂ ਨੂੰ ਬਹੁਤ ਪ੍ਰੇਸ਼ਾਨੀ ਆ ਰਹੀ ਹੈ, ਬਾਹਰ ਸੜਕ ਉੱਪਰ ਸੀਵਰੇਜ ਦੇ ਗੰਦੇ ਪਾਣੀ ਨਾਮ ਬਿਮਾਰੀਆਂ ਫ਼ੈਲਣ ਦਾ ਡਰ ਬਣਿਆ ਹੋਇਆ ਹੈ ਜੇਕਰ ਗੁਰੂਸਰ ਰੋਡ ਉੱਪਰ ਸੀਵਰੇਜ ਦੀ ਪਾਈਪ ਪਾ ਕੇ ਇਸ ਸੀਵਰੇਜ ਦੀ ਸਮੱਸਿਆ ਦਾ ਹੱਲ ਹੋ ਜਾਵੇ ਤਾਂ ਕਲੋਨੀ ਨਿਵਾਸੀਆਂ ਦੇ ਨਾਲ ਨਾਲ ਗੁਰੂਸਰ ਰੋਡ ਉੱਪਰ ਰਹਿ ਰਹੀ ਵਸੋਂ ਨੂੰ ਵੀ ਸੀਵਰੇਜ ਦੀ ਸਮੱਸਿਆ ਤੋਂ ਰਾਹਤ ਮਿਲ ਸਕੇਗੀ।ਬੀਬਾ ਬਲਜਿੰਦਰ ਕੌਰ ਨੇ ਸਮੂਹ ਹਾਜ਼ਰੀਨ ਨੂੰ ਵਿਸ਼ਵਾਸ਼ ਦਿਵਾਇਆ ਕਿ ਇਸ ਸਮੱਸਿਆ ਦਾ ਹੱਲ ਜਲਦ ਹੀ ਕੀਤਾ ਜਾਵੇਗਾ। ਇਸ ਮੌਕੇ ਸੁਸਾਇਟੀ ਦੇ ਸਕੱਤਰ ਬਿਕਰਮਜੀਤ ਸਿੰਘ ਸਿੱਧੂ, ਖਜਾਨਚੀ ਸਿਮਰਜੀਤ ਸਿੰਘ, ਗੁਰਤੇਜ ਸਿੰਘ ਸਿੱਧੂ, ਡਾਕਟਰ ਜਗਤਾਰ ਸਿੰਘ ਗੁਰਪ੍ਰੀਤ ਸਿੰਘ, ਜਸਨਦੀਪ ਸਿੰਘ, ਸਤਪਾਲ ਜੱਜਾ, ਹਰਵਿੰਦਰ ਸਿੰਘ, ਲਵਪ੍ਰੀਤ ਸ਼ਰਮਾ ਅਤੇ ਬਾਰੂ ਰਾਮ ਹਾਜਰ ਸਨ।

# ਫੋਰਮ ਫਾਰ ਇੰਡੀਆਜ਼ ਇੰਟਲੈਕਚੁਅਲ ਗਰੋਥ 2025 ਕ੍ਰਿਸ਼ਨਾ ਸੋਸ਼ਲ ਡੈਮੋਕਰੇਸੀ ਟਰੱਸਟ ਅਤੇ ਵਧਾਵਨ ਇੰਡੀਆ ਮੈਡੀਕਲ ਕੌਂਸਲ ਦੁਆਰਾ ਕੀਤਾ ਗਿਆ ਆਯੋਜਿਤ

**ਨਵੀਂ ਦਿੱਲੀ 4 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਭਾਰਤ ਦੇ ਬੌਧਿਕ ਵਿਕਾਸ ਲਈ ਫੋਰਮ 2025 (23ਵਾਂ ਸੰਸਕਰਣ) ਕ੍ਰਿਸ਼ਨਾ ਸੋਸ਼ਲ ਡੋਮਿਨਿਕ ਟਰੱਸਟ ਅਤੇ ਵਧਾਵਨ ਇੰਡੀਆ ਸਟਾਕਸ ਕੌਂਸਲ ਦੁਆਰਾ ਹਯਾਤ ਸੈਂਟਰਿਕ ਹੋਟਲ, ਜਨਕਪੁਰੀ, ਦਿੱਲੀ ਵਿਖੇ ਆਯੋਜਿਤ ਕੀਤਾ ਗਿਆ ਸੀ। ਇਸ ਪ੍ਰੋਗਰਾਮ ਵਿੱਚ ਐਸ.ਡੀ.ਐਮ ਪਟੇਲ ਨਗਰ ਡਾ: ਨਿਤਿਨ ਸ਼ਾਕਿਆ, ਡਿਪਟੀ ਟੈਕਨੀਕਲ ਅਫ਼ਸਰ ਡਾ: ਸ਼ਿਵਜੀਤ ਉਪਾਧਿਆਏ, ਜੇਲ੍ਹ ਮੁਖੀ ਅਜੇ ਭਾਟੀਆ, ਨੈਸ਼ਨਲ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ, ਡਾਇਰੈਕਟਰ ਬੀ. ਤਰੁਣ ਬਜਾਜ, ਨੂਪੁਰ ਸਿਨਹਾ, ਮੁੱਖ ਪ੍ਰੀਖਿਆ ਅਧਿਕਾਰੀ/ਡਿਪਟੀ. ਡਾ: ਮਹੇਸ਼ ਸ਼ਰਮਾ, ਨਿਰਮਾਤਾ ਅਨਿਲ ਕੁਮਾਰ ਅਤੇ ਬਹੁਤ ਸਾਰੇ ਨਿਵਾਸੀ ਮਹਿਮਾਨ ਹਾਜ਼ਰ ਸਨ।



ਇਸ ਪ੍ਰੋਗਰਾਮ ਦਾ ਸੰਚਾਲਨ ਸੰਸਥਾਪਕ ਅਤੇ ਮੈਨੇਜਿੰਗ ਡਾਇਰੈਕਟਰ ਕਮਲ ਵਧਾਵਨ ਅਤੇ ਡਾਇਰੈਕਟਰ ਮਨੀਸ਼ ਗੁਪਤਾ ਨੇ ਕੀਤਾ। ਪ੍ਰੋਗਰਾਮ ਦੌਰਾਨ ਸਾਰੇ ਸਹਿਯੋਗੀ ਉਮੀਦਵਾਰਾਂ ਨੂੰ ਨਾਮਜ਼ਦ ਕੀਤਾ ਗਿਆ। ਇਸ ਮੌਕੇ ਸਾਰੇ ਉੱਘੇ ਵਿਅਕਤੀਆਂ ਨੂੰ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ ਪਰਮਜੀਤ ਸਿੰਘ ਪੰਮਾ ਨੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਨ ਵਾਲਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਮਾਜ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ।

# ਸਠਿਆਲਾ 'ਚ ਪੰਜਾਬੀ ਸਾਹਿਤ ਸਭਾ ਸਠਿਆਲਾ ਦਾ ਨਵੇਂ ਲੇਖਕਾਂ ਦੇ ਸਹਿਯੋਗ ਨਾਲ ਗਠਨ

### ਸਾ: ਸਰਪੰਚ ਦਲਵਿੰਦਰ ਸਿੰਘ ਸਰਪ੍ਰਸਤ, ਸ: ਕਰਨਬੀਰ ਸਿੰਘ ਸਫਰੀ ਪ੍ਰਧਾਨ ਬਣੇ



**ਚੌਕ ਮਹਿਤਾ, 3 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਸਬਾ ਸਠਿਆਲਾ ਵਿਖੇ ਸਾਬਕਾ ਸਰਪੰਚ ਦਲਵਿੰਦਰ ਸਿੰਘ ਦੀ ਅਗਵਾਈ ਵਿਚ ਨਵੇਂ ਲੇਖਕਾਂ ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਸਭਾ ਸਠਿਆਲਾ ਦਾ ਗਠਨ ਕੀਤਾ ਗਿਆ। ਇਸ ਮੌਕੇ ਤੇ ਲੇਖਕ ਤੇ ਗੀਤਕਾਰ ਧਰਮਿੰਦਰ ਸਿੰਘ, ਲੇਖਕ ਨਛੱਤਰ ਸਠਿਆਲਾ ਬੱਲ, ਲੇਖਕ ਅਰਜਿੰਦਰ ਸਿੰਘ, ਲੇਖਕ ਮਾ: ਜਗੀਰ ਸਿੰਘ ਸਠਿਆਲਾ ,ਲੇਖਕ ਸਕੱਤਰ ਸਿੰਘ, ਲੇਖਕ ਸੁਰਜੀਤ ਸਿੰਘ ਜੀਤੂ ਤੇ ਸਰਪੰਚ ਗੁਰਜਿੰਦਰ ਸਿੰਘ ਗਿੰਦਾ, ਸਾਬਕਾ ਸਰਪੰਚ ਦਲਵਿੰਦਰ ਸਿੰਘ, ਸਾਬਕਾ ਸਰਪੰਚ ਗੁਰਪ੍ਰਤਾਪ ਸਿੰਘ ਭਿੱਲਾ, ਹਰਜਿੰਦਰ ਸਿੰਘ ਰਾਜੂ, ਜਸਵੰਤ ਸਿੰਘ, ਦਲਜੀਤ ਸਿੰਘ ਕੂਕਾ ਵਲੋਂ ਸਰਸੰਮਤੀ ਨਾਲ ਪੰਜਾਬੀ ਸਾਹਿਤ ਸਭਾ ਸਠਿਆਲਾ ਦਾ ਸਾਬਕਾ ਸਰਪੰਚ ਦਲਵਿੰਦਰ ਸਿੰਘ ਨੂੰ ਸਰਪ੍ਰਸਤ ਤੇ ਸ: ਕਰਨਬੀਰ ਸਿੰਘ ਸਫਰੀ ਡਬਲ ਐਮ.ਏ ਬੀ.ਐਡ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਤੇ ਸਾਬਕਾ ਸਰਪੰਚ ਗੁਰਪ੍ਰਤਾਪ ਸਿੰਘ ਵਲੋਂ ਪੰਜਾਬੀ ਸਾਹਿਤ ਸਭਾ ਦੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆ ਉਮੀਦ ਜਾਹਰ ਕੀਤੀ ਹੈ ਕਿ ਉਹ ਪਿੰਡ ਸਠਿਆਲਾ ਵਿਚ ਸਾਹਿਤਕ ਸਰਗਰਮੀਆ ਕਰਵਾਉਣ ਵਿਚ ਮੋਹਰੀ ਭੂਮਿਕਾ ਨਿਭਾਉਣਗੇ ਤੇ ਪੰਜਾਬੀ ਮਾਂ ਬੋਲੀ ਨੂੰ ਪ੍ਰਫੁਲਿਤ ਕਰਨਗੇ। ਇਸ ਮੌਕੇ ਤੇ ਮਾ: ਨਛੱਤਰ ਸਿੰਘ ਬੱਲ ਨੇ ਕਿਹਾ ਕਿ ਪੰਜਾਬੀ ਸਾਹਿਤ ਸਠਿਆਲਾ ਦਾ ਗਠਨ ਕਰਨ ਦੀ ਲੋੜ ਪਈ ਤਾਂ ਕਿ ਅਜੋਕੀ ਪੀੜੀ ਪੰਜਾਬੀ ਮਾਂ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ ਤੇ ਨੌਜਵਾਨਾਂ ਨੂੰ ਦੂਸਰੇ ਵਿਸ਼ੇ ਪੜ੍ਹਨ ਦੇ ਨਾਲ ਨਾਲ ਪੰਜਾਬੀ ਮਾਂ ਬੋਲੀ ਨਾਲ ਮੋਹ ਪਾ ਸਕਣ। ਇਸ ਮੌਕੇ ਤੇ ਨਵਨਿਯੁਕਤ ਸਰਪ੍ਰਸਤ ਸਾ: ਸਰਪੰਚ ਦਲਵਿੰਦਰ ਸਿੰਘ ਤੇ ਨਵ ਨਿਯੁਕਤ ਪ੍ਰਧਾਨ ਸ: ਕਰਨਬੀਰ ਸਿੰਘ ਸਫਰੀ ਨੇ ਕਿਹਾ ਕਿ ਜੋ ਜੁਮੇਂਵਾਰੀ ਦਿੱਤੀ ਗਈ, ਉਸ ਨੂੰ ਤਨਦੇਹੀ ਨਾਲ ਨਿਭਾਉਣਗੇ । ਉਨ੍ਹਾਂ ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਸਠਿਆਲਾ ਵਲੋਂ ਪਲੇਠਾ ਸਮਾਗਮ ਬਾਬਾ ਗੋਬਿੰਦ ਐਂਡ ਬ੍ਰਿਗੇਡੀਅਰ ਮੈਮੋਰੀਅਲ ਸੀਨੀ: ਸਕੂਲ ਸਠਿਆਲਾ ਵਿਖੇ ਪ੍ਰਮੁੱਖ ਸ਼ਖਸ਼ੀਅਤਾਂ ਦੀ ਹਾਜ਼ਰੀ ਵਿਚ ਮਾਰਚ ਮਹੀਨੇ ਦੇ ਦੂਸਰੇ ਸ਼ਿਨਚਰਵਾਰ ਨੂੰ ਕੀਤਾ ਜਾਵੇਗਾ। ਇਸ ਸਮਾਗਮ ਵਿਚ ਕਸਬਾ ਸਠਿਆਲਾ ਦੇ ਉਭਰ ਰਹੇ ਲੇਖਕਾਂ ਨੂੰ ਮੌਕਾ ਦਿੱਤਾ ਜਾਵੇਗਾ।

# ਗੁਰਦੁਆਰਾ ਗੁਰੂ ਬੇਰ ਸਾਹਿਬ ਵਿਖੇ ਤੀਸਰੇ ਦਿਨ ਦੀਵਾਨ ਸਜਿਆ



**ਚੌਕ ਮਹਿਤਾ, 3 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਮੀਰੀ ਪੀਰੀ ਦੇ ਮਾਲਕ ਚਰਨ ਛੋਹ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਜੀ ਅਗਵਾਈ ਹੇਠਾਂ ਪਿਛਲੇ ਦਿਨਾਂ ਤੋਂ ਹੋਲੇ ਮਹੱਲੇ ਸਬੰਧ ਵਿੱਚ ਦੀਵਾਨ ਸਜ ਰਹੇ ਸਨ। ਅੱਜ ਚੌਥੇ ਦਿਨ ਦਾ ਦੀਵਾਨ ਸਜਾਇਆ ਗਿਆ। ਇਸ ਮੌਕੇ ਤੇ ਗੁਰਦੇਵ ਸਿੰਘ ਯੂ ਐਸ ਏ ਵਜੀਰ ਸਿੰਘ ਭੋਏ, ਗੁਰਮੇਜ ਸਿੰਘ ਬੁਲਾਰਾ, ਸੁਖਵਿੰਦਰ ਸਿੰਘ ਭੀਲੋਵਾਲ, ਬਲਜਿੰਦਰ ਸਿੰਘ ਨਿੰਬਰਵਿੰਡ, ਨਰਿੰਦਰ ਸਿੰਘ ਬਾਠ ਭੋਏ, ਰਾਜਾ ਸਿੰਘ, ਬਾਬਾ ਸੁੱਖਾ ਸਿੰਘ, ਰਣਜੀਤ ਸਿੰਘ ਬਾਠ ਬਾਬੋਵਾਲ, ਜੱਸਾ ਸਿੰਘ, ਸੁਲਖਣ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਗੁਰੂ ਜੀ ਕੀ ਬੇਰ ਸਾਹਿਬ, ਆਦਿ ਸੇਵਾਦਾਰ ਬਹੁਤ ਗਿਣਤੀ ਵਿੱਚ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਟਰਾਂਸਪੋਰਟ ਭਾਈਚਾਰੇ ਲਈ ਵੱਡੀ ਰਾਹਤ, ਮਹਾਰਾਸ਼ਟਰ ਵਿੱਚ ਸਾਰੀਆਂ ਸਰਹੱਦੀ ਚੌਕੀਆਂ 15 ਅਪ੍ਰੈਲ 2025 ਤੱਕ ਹੋ ਜਾਣਗੀਆਂ ਖ਼ਤਮ: ਬਲ ਮਲਕੀਤ ਸਿੰਘ

# ਆਸਾਨ ਆਵਾਜਾਈ, ਆਰਥਿਕ ਵਿਕਾਸ ਅਤੇ ਵਪਾਰ ਨੂੰ ਉਤਸ਼ਾਹਿਤ ਕਰਨ ਵੱਲ ਇਤਿਹਾਸਕ ਕਦਮ

**ਨਵੀਂ ਦਿੱਲੀ, 4 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਟਰਾਂਸਪੋਰਟ ਭਵਨ, ਮਹਾਰਾਸ਼ਟਰ ਦੇ ਨੀਂਹ ਪੱਥਰ ਸਮਾਗਮ ਦੌਰਾਨ, ਮਾਨਯੋਗ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਨੇ ਇਤਿਹਾਸਕ ਐਲਾਨ ਕੀਤਾ ਕਿ 15 ਅਪ੍ਰੈਲ 2025 ਤੱਕ ਮਹਾਰਾਸ਼ਟਰ ਦੀਆਂ ਸਾਰੀਆਂ ਰਾਜ ਸਰਹੱਦੀ ਚੌਕੀਆਂ ਨੂੰ ਖਤਮ ਕਰ ਦਿੱਤਾ ਜਾਵੇਗਾ। ਇਹ ਫੈਸਲਾ ਮਹਾਰਾਸ਼ਟਰ ਅਤੇ ਪੂਰੇ ਦੇਸ਼ ਦੇ ਟਰਾਂਸਪੋਰਟ ਭਾਈਚਾਰੇ ਲਈ ਵੱਡੀ ਰਾਹਤ ਹੈ। ਬਲ ਮਲਕੀਤ ਸਿੰਘ ਸਾਬਕਾ ਪ੍ਰਧਾਨ ਅਤੇ ਸਲਾਹਕਾਰ ਆਲ ਇੰਡੀਆ ਮੋਟਰ ਟ੍ਰਾਂਸਪੋਰਟ ਕਾਂਗਰਸ ਅਤੇ ਸਲਾਹਕਾਰ ਬੰਬੇ ਮੋਟਰ ਟ੍ਰਾਂਸਪੋਰਟ ਆਪਰੇਟਰਾਂ ਦੀ ਫੈਡਰੇਸ਼ਨ ਨੇ ਦਸਿਆ ਕਿ ਮੁੱਖ ਮੰਤਰੀ ਨੇ ਟਰਾਂਸਪੋਰਟ ਮੰਤਰੀ ਸ਼੍ਰੀ ਪ੍ਰਤਾਪ ਸਰਨਾਇਕ, ਰਾਜ ਮੰਤਰੀ (ਟਰਾਂਸਪੋਰਟ) ਸ਼੍ਰੀਮਤੀ ਮਾਧੁਰੀ ਤਾਈ ਮਿਸ਼ਾਲ, ਵਧੀਕ ਮੁੱਖ ਸਕੱਤਰ (ਟਰਾਂਸਪੋਰਟ ਅਤੇ ਬੰਦਰਗਾਹ) ਸ਼੍ਰੀ ਸੰਜੇ ਸੇਠੀ ਅਤੇ ਟਰਾਂਸਪੋਰਟ ਕਮਿਸ਼ਨਰ ਸ਼੍ਰੀ ਵਿਵੇਕ ਭੀਮਨਵਰ ਨੂੰ ਇਸ ਫੈਸਲੇ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਭਰੋਸਾ ਦਿੱਤਾ ਕਿ ਬੀਓਟੀ ਪ੍ਰੋਜੈਕਟਾਂ ਨੂੰ ਸੂਬਾ ਸਰਕਾਰ ਵੱਲੋਂ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਚੈਕਪੁਆਇੰਟਾਂ ਨੂੰ ਖਤਮ ਕਰਨ ਦੇ ਟਰਾਂਸਪੋਰਟ ਭਾਈਚਾਰੇ ਲਈ ਮੁੱਖ ਫਾਇਦੇ: ਮਾਲ ਅਤੇ ਯਾਤਰੀਆਂ ਦੀ ਨਿਰਵਿਘਨ ਆਵਾਜਾਈ – ਤੇਜ਼ ਆਵਾਜਾਈ ਅਤੇ ਸੁਧਾਰੀ ਸਪਲਾਈ, ਭ੍ਰਿਸ਼ਟਾਚਾਰ ਅਤੇ ਲਾਲ ਫੀਤਾਸ਼ਾਹੀ ਅਤੇ ਬੇਲੋੜੀਆਂ ਰੁਕਾਵਟਾਂ ਅਤੇ ਪਰੇਸ਼ਾਨੀਆਂ ਹੋਣਗੀਆਂ ਖਤਮ, ਆਰਥਿਕ ਵਿਕਾਸ ਅਤੇ ਮੁਕਾਬਲੇਬਾਜ਼ੀ ਨੂੰ ਹੁਲਾਰਾ ਦੇਣਾ –ਜਿਸ ਨਾਲ ਮਹਾਰਾਸ਼ਟਰ ਇੱਕ ਪ੍ਰਮੁੱਖ ਲੌਜਿਸਟਿਕਸ ਅਤੇ ਵਪਾਰਕ ਕੇਂਦਰ ਵਜੋਂ ਸਸ਼ਕਤ ਕਰੇਗਾ। ਰਾਸ਼ਟਰੀ ਨੀਤੀ ਦੇ ਅਨੁਸਾਰ – "ਇੱਕ ਰਾਸ਼ਟਰ, ਇੱਕ ਮਾਰਕੀਟ" ਨੀਤੀ ਦਾ ਸਮਰਥਨ ਕਰਨਾ। ਡਿਜੀਟਲ ਅਤੇ ਪਾਰਦਰਸ਼ੀ ਟੈਕਸ ਸੰਗ੍ਰਹਿ ਪ੍ਰਣਾਲੀ ਜੀਐਸਟੀ, ਈ-ਵੇਅ ਬਿੱਲ, ਵਾਹਨ, ਸਾਰਥੀ ਅਤੇ ਫਾਸਟੈਗ ਵਰਗੀਆਂ ਔਨਲਾਈਨ ਪ੍ਰਣਾਲੀਆਂ ਪੂਰੀ ਪਾਰਦਰਸ਼ਤਾ ਨੂੰ ਯਕੀਨੀ ਬਣਾਉਣਗੀਆਂ। ਉਨ੍ਹਾਂ ਦਸਿਆ ਕਿ ਇਹ ਫ਼ੈਸਲਾ ਟਰਾਂਸਪੋਰਟ ਸੈਕਟਰ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦਾ ਹੈ ਅਤੇ ਮਹਾਰਾਸ਼ਟਰ ਨੂੰ ਉਨ੍ਹਾਂ ਰਾਜਾਂ ਦੀ ਕਤਾਰ ਵਿੱਚ ਲਿਆਉਂਦਾ ਹੈ ਜਿਨ੍ਹਾਂ ਨੇ ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਦਿੱਲੀ, ਹਰਿਆਣਾ, ਪੰਜਾਬ, ਚੰਡੀਗੜ੍ਹ, ਆਂਧਰਾ ਪ੍ਰਦੇਸ਼, ਉੜੀਸਾ, ਝਾਰਖੰਡ, ਉੱਤਰਾਖੰਡ ਅਤੇ ਅਸਾਮ ਵਰਗੇ ਸਰਹੱਦੀ ਚੌਕੀਆਂ ਨੂੰ ਪਹਿਲਾਂ ਹੀ ਖਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਟਰਾਂਸਪੋਰਟ ਭਾਈਚਾਰੇ ਦੀ ਤਰਫੋਂ, ਮੈਂ ਇਸ ਇਤਿਹਾਸਕ ਫੈਸਲੇ ਲਈ ਮਾਨਯੋਗ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਜੀ ਅਤੇ ਮਹਾਰਾਸ਼ਟਰ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਇਹ ਪ੍ਰਾਪਤੀ ਦੇਸ਼ ਭਰ ਦੇ ਟਰੱਕ ਡਰਾਈਵਰਾਂ, ਟਰਾਂਸਪੋਰਟਰਾਂ ਅਤੇ ਸਮੂਹ ਯੂਨੀਅਨਾਂ ਦੇ ਨਿਰੰਤਰ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ। ਇਸ ਇਤਿਹਾਸਕ ਜਿੱਤ 'ਤੇ ਟਰਾਂਸਪੋਰਟ ਭਾਈਚਾਰੇ ਨੂੰ ਹਾਰਦਿਕ ਵਧਾਈ।



ਸਿੱਖ ਕੌਮ ਦੇ ਸਿੱਦਕ ਦੀ ਲਾਜ ਰੱਖਣ ਵਾਲੇ ਭਾਈ ਸੰਦੀਪ ਸਿੰਘ ਜੀ ਸੰਨੀ ਦੀ ਤਰੀਕ ਪੇਸ਼ੀ ਮੌਕੇ

# ਅਕਾਲੀ ਦਲ "ਵਾਰਿਸ ਪੰਜਾਬ ਦੇ" ਵੱਲੋਂ ਅਤੇ ਹੋਰ ਪੰਥਕ ਜਥੇਬੰਦੀਆਂ ਵੱਲੋਂ ਹਾਜ਼ਰੀ





**ਨਵੀਂ ਦਿੱਲੀ, 4 ਮਾਰਚ (ਮਨਪ੍ਰੀਤ ਸਿੰਘ ਖਾਲਸਾ)**-ਸਿੱਖ ਕੌਮ ਦੇ ਸਿਰਲੱਥ ਯੋਧੇ ਭਾਈ ਸੰਦੀਪ ਸਿੰਘ ਸੰਨੀ ਜਿਨ੍ਹਾਂ ਨੇ ਸਿੱਖ ਕੌਮ ਦੇ ਵਿਰੁੱਧ ਜਹਿਰ ਉਗਲਣ ਵਾਲੇ ਸੁਧੀਰ ਸੂਰੀ ਨੂੰ ਸੋਧਾ ਲਾਇਆ, ਦੀ ਅੱਜ ਅੰਮ੍ਰਿਤਸਰ ਕਚਹਿਰੀ ਵਿੱਚ ਅਦਾਲਤੀ ਪੇਸ਼ੀ ਸੀ ਜੋਕਿ ਆਨਲਾਈਨ ਹੀ ਹੋਈ ਅਤੇ ਉਹਨਾਂ ਨੂੰ ਪਟਿਆਲਾ ਜੇਲ ਤੋਂ ਨਹੀਂ ਲਿਆਂਦਾ ਗਿਆ। ਇਸ ਮੌਕੇ ਅਕਾਲੀ ਦਲ "ਵਾਰਿਸ ਪੰਜਾਬ ਦੇ" ਦੇ ਸ਼ਹਿਰੀ ਕਾਰਜਕਾਰੀ ਮੈਂਬਰਾਂ ਅਤੇ ਹੋਰ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਭਾਈ ਸੰਨੀ ਦੇ ਦੋਵੇ ਭਰਾਵਾਂ ਭਾਈ ਹਰਦੀਪ ਸਿੰਘ ਜੀ ਅਤੇ ਭਾਈ ਮਨਦੀਪ ਸਿੰਘ ਜੀ ਦੇ ਨਾਲ ਅੰਮ੍ਰਿਤਸਰ ਕਚਿਹਰੀ ਕੰਪਲੈਕਸ ਵਿਖੇ ਇਕੱਤਰ ਹੋਏ। ਭਾਈ ਸੰਨੀ ਦੇ ਦੋਨੋ ਭਰਾਵਾਂ ਦੇ ਨਾਲ ਇਸ ਮੌਕੇ ਤੇ ਅਕਾਲੀ ਦਲ "ਵਾਰਿਸ ਪੰਜਾਬ ਦੇ" ਤੋਂ ਅੰਮ੍ਰਿਤਸਰ ਕਾਰਜਕਾਰਨੀ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਜੀ, ਭਾਈ ਹਰਜੀਤ ਸਿੰਘ ਪੁਰੇਵਾਲ ਜੀ, ਭਾਈ ਸੁਖਪ੍ਰੀਤ ਸਿੰਘ ਜੀ, ਭਾਈ ਦਿਲਰਾਜ ਸਿੰਘ ਜੀ ਖਾਨਕੋਟ ਅਤੇ ਡਾਕਟਰ ਅਤੁੱਲ ਸ਼ਰਮਾਂ ਜੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ( ਮਾਨ ਦਲ ) ਦੇ ਜਰਨਲ ਸਕੱਤਰ ਭਾਈ ਉਪਕਾਰ ਸਿੰਘ ਜੀ ਸੰਧੂ ਤੇ ਉਹਨਾਂ ਦੇ ਸਾਥੀ, ਅਕਾਲ ਖਾਲਸਾ ਦਲ ਤੋਂ ਭਾਈ ਹਰਪਾਲ ਸਿੰਘ ਖਾਲਿਸਤਾਨੀ ਜੀ ਤੇ ਉਹਨਾਂ ਦੇ ਸਾਥੀ ਵੀ ਹਾਜ਼ਰ ਸਨ।

### ਭਾਰਤੀ ਕਨੂੰਨ ਸਿੱਖ ਕੌਮ ਦੇ ਹੱਕ ਵਿੱਚ ਕਿਸੇ ਕਿਸਮ ਦੀ ਕਰਵਟ ਲੈਂਦਾ ਨਜ਼ਰ ਨਹੀਂ ਆ ਰਿਹਾ : ਭਾਈ ਹਰਦੀਪ ਸਿੰਘ, ਭਾਈ ਮਨਦੀਪ ਸਿੰਘ

ਇਸ ਮੌਕੇ ਤੇ ਭਾਈ ਸੰਦੀਪ ਸਿੰਘ ਜੀ ਸੰਨੀ ਜੀ ਦੇ ਦੋਵੇਂ ਭਰਾਵਾਂ ਨੇ ਸਾਂਝੇ ਤੌਰ ਤੇ ਕਿਹਾ ਕਿ ਸਰਕਾਰਾਂ ਸਿੱਖ ਕੌਮ ਨਾਲ ਨਾਜਾਇਜ਼ ਧੱਕਾ ਕਰ ਰਹੀਆ ਹਨ ਅਤੇ ਭਾਰਤੀ ਕਨੂੰਨ ਵੀ ਸਿੱਖਾਂ ਦੇ ਹੱਕ ਵਿੱਚ ਕਿਸੇ ਕਿਸਮ ਦੀ ਕੋਈ ਕਰਵਟ ਲੈਂਦਾ ਨਜਰ ਨਹੀਂ ਆ ਰਿਹਾ ਹੈ। ਉਹਨਾਂ ਕਿਹਾ ਕਿ ਪਹਿਲਾਂ ਹੀ ਸਾਡੇ ਸਿੱਖ ਬੰਦੀ ਸਿੰਘ ਸਜਾਂਵਾਂ ਪੂਰੀਆ ਹੋਣ ਦੇ ਬਾਵਜੂਦ ਜੇਲਾਂ ਵਿੱਚ ਬੰਦ ਹਨ ਜੋਕਿ ਸਰਾਸਰ ਬੇਇਨਸਾਫੀ ਹੈ ਤੇ ਅਜਿਹੇ ਵਿੱਚ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ। ਉਹਨਾਂ ਸਾਰੀ ਸਿੱਖ ਕੌਮ ਨੂੰ ਆਪਣੇ ਨਿੱਜੀ ਵਖਰੇਂਵੇਂ ਮਿਟਾ ਕੇ ਇਕ ਨਿਸ਼ਾਨ ਥੱਲੇ ਇਕੱਤਰ ਹੋਕੇ ਸਿੱਖ ਕੌਮ ਵਿਰੁੱਧ ਹੋ ਰਹੇ ਅਨਿਆਇ ਦੇ ਖਿਲਾਫ਼ ਲੜਨ ਲਈ ਕਿਹਾ ਅਤੇ ਮੰਗ ਕੀਤੀ ਕਿ ਸਰਕਾਰ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਜਲਦ ਰਿਹਾਅ ਕਰੇ।

# ਕਿਸੇ ਵੀ ਨਾਗਰਿਕ ਦੇ ਘਰ ਨੂੰ ਕੋਈ ਵੀ ਸਰਕਾਰ ਜਾਂ ਪੁਲਿਸ ਨਹੀ ਢਾਹ ਸਕਦੀ, ਇਹ ਜੰਗਲ ਦੇ ਰਾਜ ਵਾਲੇ ਹਨ ਦੁੱਖਦਾਇਕ ਅਮਲ : ਮਾਨ



**ਨਵੀਂ ਦਿੱਲੀ, 4 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- "ਇੰਡੀਆਂ ਵਿਚ ਕਾਨੂੰਨ ਦੇ ਰਾਜ ਅਤੇ ਜਮਹੂਰੀਅਤ ਨੂੰ ਹੁਕਮਰਾਨਾਂ ਨੇ ਕੂੜੇਦਾਨ ਵਿਚ ਸੁੱਟ ਰੱਖਿਆ ਹੈ । ਇਥੇ ਜੰਗਲ ਦੇ ਰਾਜ ਵਰਗੇ ਇਨਸਾਨੀਅਤ ਤੇ ਮਨੁੱਖਤਾ ਵਿਰੋਧੀ ਹੁਕਮਰਾਨਾਂ ਵੱਲੋ ਅਮਲ ਕੀਤੇ ਜਾ ਰਹੇ ਹਨ । ਜੋ ਅਤਿ ਨਿੰਦਣਯੋਗ ਅਤੇ ਬਿਲਕੁਲ ਵੀ ਬਰਦਾਸਤ ਕਰਨ ਯੋਗ ਹਕੂਮਤੀ ਕਾਰਵਾਈਆ ਹਨ ।ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹੁਕਮਰਾਨਾਂ ਨੂੰ ਸਪੱਸਟ ਕਰਨਾ ਆਪਣਾ ਫਰਜ ਸਮਝਦੀ ਹੈ ਕਿ ਕਿਸੇ ਵੀ ਨਾਗਰਿਕ ਦੀ ਜਾਇਦਾਦ, ਘਰ ਨੂੰ ਕੋਈ ਵੀ ਹੁਕਮਰਾਨ ਜਾਂ ਪੁਲਿਸ ਅਦਾਲਤੀ ਹੁਕਮਾਂ ਤੋ ਬਿਨ੍ਹਾਂ ਕੋਈ ਕਿਸੇ ਤਰ੍ਹਾਂ ਦਾ ਵੀ ਨੁਕਸਾਨ ਨਹੀ ਪਹੁੰਚਾ ਸਕਦੀ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋ ਪੁਲਿਸ ਅਤੇ ਆਪਣੇ ਸਰਕਾਰੀ ਸਾਧਨਾਂ ਦੀ ਦੁਰਵਰਤੋ ਕਰਕੇ ਇਥੋ ਦੇ ਨਿਵਾਸੀਆ ਨੂੰ ਨਿਸ਼ਾਨਾਂ ਬਣਾਕੇ ਉਨ੍ਹਾਂ ਦੇ ਘਰਾਂ ਨੂੰ ਗੈਰ ਕਾਨੂੰਨੀ ਤੇ ਗੈਰ ਇਨਸਾਨੀ ਢੰਗ ਨਾਲ ਢਾਹੁਣ ਦੇ ਕੀਤੇ ਜਾ ਰਹੇ ਤਾਨਾਸਾਹੀ ਅਮਲਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਅਦਾਲਤੀ ਹੁਕਮਾਂ ਤੋ ਬਿਨ੍ਹਾਂ ਅਜਿਹਾ ਕੋਈ ਵੀ ਸਮਾਜ ਵਿਰੋਧੀ ਅਮਲ ਦੀ ਇਜਾਜਤ ਨਾ ਹੋਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ ।ਉਨ੍ਹਾਂ ਕਿਹਾ ਕਿ ਇਥੇ ਅਜਿਹੇ ਹਕੂਮਤੀ ਅਮਲ ਹੋ ਰਹੇ ਹਨ ਜਿਸ ਤੋ ਨਿਰਪੱਖਤਾ ਨਾਲ ਦੇਖਣ ਵਾਲੇ ਨੂੰ ਇਹ ਪ੍ਰਤੱਖ ਦਿਖ ਰਿਹਾ ਹੋਵੇ ਕਿ ਇਥੇ ਤਾਂ ਜੰਗਲ ਦੇ ਰਾਜ ਵਾਲੀ ਗੱਲ ਹੋ ਰਹੀ ਹੈ । ਨਾ ਕਿ ਵਿਧਾਨਿਕ ਜਾਂ ਸਮਾਜਿਕ ਲੀਹਾਂ ਤੇ ਅਮਲ ਹੋ ਰਹੇ ਹਨ । ਸ. ਮਾਨ ਨੇ ਵਿਲਸਨ ਚਰਚਿਲ ਦੇ ਉਨ੍ਹਾਂ ਸ਼ਬਦਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਜਿਸ ਵਿਚ ਉਨ੍ਹਾਂ ਨੇ ਸਮੁੱਚੇ ਸੰਸਾਰ ਨੂੰ ਇਹ ਜਾਣਕਾਰੀ ਦਿੱਤੀ ਸੀ ਕਿ ਹਿੰਦੂਤਵ ਲੋਕ ਰਾਜ ਭਾਗ ਕਰਨ ਦੀ ਬਿਲਕੁਲ ਸਮਰੱਥ ਤੇ ਕਾਬਲੀਅਤ ਨਹੀ ਰੱਖਦੇ । ਜੇਕਰ ਇਨ੍ਹਾਂ ਨੂੰ ਸਿਆਸੀ ਸ਼ਕਤੀ ਪ੍ਰਦਾਨ ਕਰ ਦਿੱਤੀ ਗਈ ਤਾਂ ਇਸਦਾ ਮਤਲਬ ਇਹ ਸ਼ਕਤੀ ਬਦਮਾਸਾਂ, ਲੁਟੇਰਿਆ ਅਤੇ ਮੁਫਤਖੋਰਾ ਕੋਲ ਚਲੇ ਜਾਵੇਗੀ । ਇਨ੍ਹਾਂ ਕੋਲ ਮਿੱਠੀ, ਸੁਰੀਲੀ ਅਤੇ ਦਿਲ ਨੂੰ ਟੁੰਭਣ ਵਾਲੀ ਆਵਾਜ ਹੈ, ਲੇਕਿਨ ਸਹੀ ਦਿਸ਼ਾ ਵੱਲ ਅਮਲ ਨਹੀ । ਇਹ ਲੋਕ ਸ਼ਕਤੀ ਪ੍ਰਾਪਤ ਕਰਨ ਲਈ ਆਪਸ ਵਿਚ ਲੜ ਪੈਣਗੇ ਅਤੇ ਇੰਡੀਆਂ ਆਪਣੇ ਸਿਆਸੀ ਨਿਸ਼ਾਨੇ ਨੂੰ ਗੁਆਚ ਦੇਵੇਗਾ ।

# ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਤਿਆਰ: ਜਸਵੀਰ ਸਿੰਘ ਜੱਸੀ ਸੇਖੋਂ



ਧੂਰੀ ( ਰਣਜੀਤ ਸਿੰਘ ਪੇਧਨੀ ) ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਐਲਾਨ ਹੁੰਦਿਆਂ ਹੀ ਆਮ ਆਦਮੀ ਪਾਰਟੀ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਲਈ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਪੰਜਾਬ ਦੇ ਸੀਨੀਅਰ ਆਗੂ, ਸਮਾਜ ਸੇਵੀ ਸ, ਜਸਵੀਰ ਸਿੰਘ ਜੱਸੀ ਸੇਖੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪੰਚਾਇਤ ਚੋਣਾਂ ਵਾਂਗ ਇਨ੍ਹਾਂ ਚੋਣਾਂ ਵਿੱਚ ਵੀ ਮੁੜ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇਣਗੇ। ਉਨਾਂ ਕਿਹਾ ਕਿ ਜੇਕਰ ਸੰਗਠਨ ਮਜਬੂਤ ਹੋਵੇਗਾ ਤਾਂ ਹੀ ਪੰਜਾਬ ਦੀ ਭਲਾਈ ਕੀਤੀ ਜਾ ਸਕੇਗੀ। ਆਮ ਆਦਮੀ ਪਾਰਟੀ ਦੀ ਸਰਕਾਰ ਵਿਕਾਸ ਅਤੇ ਰੰਗਲੇ ਪੰਜਾਬ ਦਾ ਏਜੰਡਾ ਲੈ ਕੇ ਚੱਲ ਰਹੀ ਹੈ, ਜਿਸ ਨੂੰ ਪੂਰਾ ਕਰਨ ਲਈ ਲੋਕਾਂ ਨੇ ਪੰਚਾਇਤ ਚੋਣਾਂ ਦੌਰਾਨ ਪਾਰਟੀ ਦਾ ਸਾਥ ਦਿੰਦਿਆਂ ਆਪ ਦੇ ਸਰਪੰਚ ਚੁਣੇ, ਹੁਣ ਉਕਤ ਏਜੰਡ ਨੂੰ ਪੂਰਾ ਕਰਨ ਲਈ ਲੋਕ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣਗੇ । ਉਨ੍ਹਾਂ ਕਿਹਾ ਕਿ ਸਰਪੰਚ ਤੋਂ ਬਾਅਦ ਬਲਾਕ ਸੰਮਤੀ ਦੀ ਅਤੇ ਜਿਲ੍ਹਾ ਪ੍ਰੀਸ਼ਦ ਦੇ ਮੈਂਬਰ ਅਤੇ ਚੇਅਰਮੈਨ ਲੋਕਾਂ ਦੇ ਪੰਜਾਬ ਸਰਕਾਰ ਵਿਚਕਾਰ ਕੜੀ ਹੁੰਦੇ ਹਨ ਅਤੇ ਜੇਕਰ ਆਮ ਆਦਮੀ ਪਾਰਟੀ ਦੇ ਮੈਂਬਰ ਜਿੱਤ ਕੇ ਚੇਅਰਮੈਨ ਬਣਨਗੇ ਤਾਂ ਉਹ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਸਰਕਾਰ ਤਕ ਪੁੱਜਦਾ ਕਰਕੇ ਉਨ੍ਹਾਂ ਦੇ ਹੱਲ ਵੀ ਕਰਵਾਉਣਗੇ। ਇਸ ਮੌਕੇ ਆਪ ਆਗੂ ਹਰਪ੍ਰੀਤ ਸਿੰਘ ਮੀਮਸਾ ਹਾਜਰ ਸਨ।





ਜਨਮ ਦਿਨ ਮੁਬਾਰਕ

ਬੀਬੀ ਸਰਬਜੀਤ ਕੌਰ ਖਾਲਸਾ ਚੱਕ ਖੁਰਦ ਨਕੋਦਰ ਵਾਲੇ ਸ ਕਮਲਜੀਤ ਸਿੰਘ

(ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## 27ਵੇਂ ਸਲਾਨਾਂ ਸਹਾਇਤਾ ਵੰਡ ਸਮਾਗਮਾਂ ਨੂੰ

# ਕੋਟ ਪੱਲੀਆਂ ਵਿਖੇ ਸਫਲਤਾਪੂਰਵਕ ਨੇਪਰੇ ਚਾੜ੍ਹਿਆ

**ਭਾਈ ਸੁਖਵੀਰ ਸਿੰਘ ਗੁਰੂ ਨਾਨਕ ਦਲ ਮੜੀਆਂ,ਬਟਾਲੇ ਵਾਲੇ ਕਵੀਸ਼ਰੀ ਜਥੇ ਨੇ ਸੇਵਾ ਸਿਮਰਨ ਅਤੇ ਦਸਵੰਧ ਦੇ ਵੱਡੇ ਸਿਧਾਂਤਾਂ ਨੂੰ ਗੁਰੂ ਸਾਹਿਬਾਨ ਦੁਆਰੇ ਦਰਸਾਏ ਮਾਰਗ ਤੇ ਚਲ ਕੇ ਜੀਵਨ ਸਫਲਾ ਕਰਨ ਵਾਰੇ ਬੋਲਾਂ ਦੀ ਸਾਂਝ ਪਾਕੇ ਸੰਗਤ ਨੂੰ ਇਹਨਾਂ ਸਿਧਾਂਤਾਂ ਤੇ ਚੱਲਣ ਲਈ ਪ੍ਰੇਰਿਆ**









**ਸਮਾਜ** ਸੇਵਾ ਦੇ ਖੇਤਰ ਵਿਚ ਲਗਾਤਾਰ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਬਦੌਲਤ ਵਿਸ਼ੇਸ਼ ਸਥਾਨ ਬਣਾ ਚੁੱਕੀ ਪੰਜਾਬ ਦੀ ਨਾਮੀ ਸਮਾਜ ਸੇਵੀ ਸੰਸਥਾ,ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣੇ ਮੁਢਲੇ ਸਿਧਾਂਤਾਂ ਤੇ ਪਹਿਰਾ ਦਿੰਦਿਆਂ 27 ਵੇ ਸਲਾਨਾਂ ਸਹਾਇਤਾ ਵੰਡ ਸਮਾਗਮਾਂ ਨੂੰ ਗੁਰਦੁਆਰਾ ਸ਼ਹੀਦਾ ਸਿੰਘਾ ਪਿੰਡ ਚੌਹੜਾ,ਕੋਟ ਪੱਲੀਆਂ ਵਿਖੇ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ। ਇਹ ਸਮਾਗਮ ਸੰਸਥਾ ਦੇ ਸਰਪ੍ਰਸਤ ਸਵ ਸ ਬਲਵੰਤ ਸਿੰਘ ਜਗੈਤ ਹੋਰਾਂ ਦੀ ਨਿੱਘੀ ਤੇ ਮਿੱਠੀ ਯਾਦ ਨੂੰ ਸਮਰਪਿਤ ਕੀਤਾ ਗਿਆ। ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਉਪਰੰਤ ਅਰਦਾਸ ਕੀਤੀ ਗਈ ਸ੍ਰੀ ਮਾਨ 108 ਬ੍ਰਹਮ ਗਿਆਨੀ ਸੰਤ ਬਾਬਾ ਘਨਈਆ ਜੀ ਗੁਰਦੁਆਰਾ ਨਿਰਮਲ ਬੁੰਗਾ ਪਠਲਾਵਾ ਦੇ ਮੌਜੂਦਾ ਅਸਥਾਨੀ ਮਹਾਂਪੁਰਖ ਸੰਤ ਬਾਬਾ ਗੁਰਬਚਨ ਸਿੰਘ ਪਠਾਲਾਵਾ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ ਇਲਾਕੇ ਦੀਆਂ ਆਰਥਿਕ ਤੌਰ ਤੇ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਪੰਜ ਸਿਲਾਈ ਮਸ਼ੀਨਾਂ ਨੂੰ ਸਪੁਰਦ ਕਰਕੇ ਸਮਾਗਮ ਨੂੰ ਅੱਗੇ ਵਧਾਇਆ ਇਸ ਅਵਸਰ ਤੇ ਉਹਨਾਂ ਦੇ ਨਾਲ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ, ਜਥੇਦਾਰ ਸਵਰਨਜੀਤ ਸਿੰਘ ਪਠਲਾਵਾ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਦੋਆਬਾ, ਸ ਪ੍ਰਮਜੀਤ ਸਿੰਘ ਸੂਰਾਪੁਰ ਪ੍ਰਧਾਨ ਸੰਸਥਾ ,ਸੁਆਮੀ ਸ਼ੰਕਰਾਨੰਦ ਜੀ ਪਰਬਤ ਪੱਦੀ ਮੱਠ,ਸ ਅਮਰਜੀਤ ਸਿੰਘ ਸੂਰਾਪੁਰ ਰਾਣਾ ਪਰਵਿੰਦਰ ਸਿੰਘ ਪੋਸੀ,ਮਾਂ ਤਰਲੋਚਨ ਸਿੰਘ ਪਠਲਾਵਾ , ਲੈਕਚਰਾਰ ਤਰਸੇਮ ਪਠਲਾਵਾ ਸਤੀਸ਼ ਕੁਮਾਰ ਐਮਾਂ ਜਟਾਂ ,ਮਾਂ ਰਮੇਸ਼ ਕੁਮਾਰ ਪਠਲਾਵਾ, ਹਰਜੀਤ ਸਿੰਘ ਜੀਤਾ, ਸੰਦੀਪ ਕੁਮਾਰ ਗੌੜ, ਪ੍ਰੋ ਚਰਨਜੀਤ ਸਿੰਘ ਪੋਸੀ,ਡਾ ਪਰਮਿੰਦਰ ਸਿੰਘ ਵਾਰੀਆ ਸ ਬਲਵੀਰ ਸਿੰਘ ਯੂ ਕੇ ਸਾਹਿਬ , ਸ ਅਵਤਾਰ ਸਿੰਘ ਸਾਬਕਾ ਸਰਪੰਚ ਪਠਲਾਵਾ ਅਤੇ ਪ੍ਰਿੰਸੀਪਲ ਸ ਜਸਪਾਲ ਸਿੰਘ ਗਿੱਧਾ ਜੀ ਨਾਲ ਸਨ

ਇਸ ਸਮਾਗਮ ਦੇ ਮੁੱਖ ਮਹਿਮਾਨ ਪਦਮ ਸ਼੍ਰੀ ਮਾਤਾ ਪ੍ਰਕਾਸ਼ ਕੌਰ ਮੁੱਖ ਸੰਚਾਲਿਕਾ ਭਾਈ ਘਨ੍ਹਈਆ ਜੀ ਚੈਰੀਟੇਬਲ ਟਰੱਸਟ,ਯੂਨੀਕ ਹੋਮ ਜਲੰਧਰ ਸਨ ਉਹਨਾਂ ਦੇ ਨਾਲ ਦੋ ਦਰਜਨ ਦੇ ਕਰੀਬ ਛੋਟੀਆਂ ਬਾਲੜੀਆਂ ਜਿਨਾਂ ਨੂੰ ਇਸ ਸਮਾਜ਼ ਨੇ ਆਪਣੇ ਘਰਾਂ ਵਿਚ ਅਪਨਾਉਣ ਤੋਂ ਕਿਨਾਰਾ ਕਰ ਦਿਤਾ ਸੀ । ਇਹ ਛੋਟੀਆਂ ਬੱਚੀਆਂ ਜਿਨਾਂ ਨੇ ਸਿਰਾ ਤੇ ਕੇਸਰੀ ਦੁਪੱਟੇ ਲਏ ਹੋਏ ਸਨ ਸੰਗਤ ਲਈ ਖਿੱਚ ਦਾ ਕੇਂਦਰ ਬਣੇ ਹੋਏ ਸਨ ਇਸ ਅਵਸਰ ਤੇ ਸੰਸਥਾ ਵਲੋਂ ਪੰਜਾਬ ਦੀਆਂ ਸਿਰਮੌਰ ਸੰਸਥਾਵਾਂ ਦਾ ਉਹਨਾਂ ਦਾ ਇਨਸਾਨੀਅਤ ਸੇਵਾ ਨੂੰ ਸਮਰਪਿਤ ਕੀਤੇ ਜਾ ਰਹੇ ਕਾਰਜਾਂ ਲਈ ਸਨਮਾਨ ਕੀਤਾ ਗਿਆ ਜਿਨਾਂ ਵਿਚ ਸ ਗੁਰਪ੍ਰੀਤ ਸਿੰਘ ਮਿੰਟੂ ਮੁੱਖ ਪ੍ਰਬੰਧਕ ਮਨੁਖਤਾ ਦੀ ਸੇਵਾ ਲੁਧਿਆਣਾ ਭਾਵੇਂ ਆਪ ਨਹੀਂ ਆ ਸਕੇ ਪਰ ਇਸ ਸੰਸਥਾ ਦੇ ਪੁਹੰਚੇ ਕੁਝ ਸੇਵਾਦਾਰਾਂ ਦਾ ਸਨਮਾਨ ਕੀਤਾ ਗਿਆ , ਪਦਮ ਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ ਯੂਨੀਕ ਹੋਮ ਜਲੰਧਰ,ਨਿਸ਼ਕਾਮ ਟਿਫਨ ਸੇਵਾ ਸੁਸਾਇਟੀ ਗੁਰੂ ਕੀ ਰਸੋਈ ਨਵਾਂ ਸ਼ਹਿਰ, ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂ ਸ਼ਹਿਰ,ਬੀ ਡੀ ਸੀ ਨਵਾਂ ਸ਼ਹਿਰ,ਮੇਜਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂ ਸ਼ਹਿਰ,ਸ ਕੁਲਵਿੰਦਰ ਸਿੰਘ ਢਾਹਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ,ਮਾਤਾ ਅਮਰ ਕੌਰ,ਚਰਨ ਕੌਰ ਵੈਲਫੇਅਰ ਸੁਸਾਇਟੀ ਭੂੰਗਰਨੀ ਹੁਸ਼ਿਆਰਪੁਰ, ਉਪਕਾਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ, ਹਰਸੇਵਾ ਮੈਡੀਕਲ ਟਰੱਸਟ ਯੂ ਕੇ ਮੋਰਾਂਵਾਲੀ, ਪ੍ਰਧਾਨ ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਹਸਪਤਾਲ ਕੁੱਲਪੁਰ,ਲੈਕਚਰਾਰ ਰਜਿੰਦਰ ਕੁਮਾਰ ਸ਼ਰਮਾ , ਸਤਨਾਮ ਸਿੰਘ, ਪੋਸੀ ਯੂ ਐਸ ਏ, ਸਮਾਜ ਭਲਾਈ ਸਵੈ ਸੇਵੀ ਸੰਸਥਾ ਸੁਜੋਂ,ਗ੍ਰੀਨ ਵਿਲੇਜ ਸੁਸਾਇਟੀ ਬੀਣੇਵਾਲ ਬੀਤ ਆਦਿ ਸੰਸਥਾਵਾਂ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ। ਸਹਾਇਤਾ ਵੰਡ ਸਮਾਗਮ ਵਿਚ ਇਕ ਸੌ ਵੀਹ ਸਿਲਾਈ ਮਸ਼ੀਨਾਂ ਇਸ ਤੋਂ ਇਲਾਵਾ ਸਰੀਰਕ ਤੌਰ ਤੇ ਡਿਸਏਬਲ ਵਿਆਕਤੀਆਂ ਨੂੰ ਛੇ ਵੀਹਾਂ ਅਤੇ ਇਕ ਟਰਾਈਸਾਈਕਲ ਭੇਟ ਕੀਤੇ ਗਏ ।ਇਸ ਅਵਸਰ ਤੇ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਸਿੱਖ ਇਤਹਾਸ ਨਾਲ ਜੋੜਨ ਹਿਤ ਇਕ ਅਹਿਮ ਉਪਰਾਲਾ ਕਰਦਿਆਂ ਧਾਰਮਿਕ ਪੁਸਤਕਾਂ ਦਾ ਫਰੀ ਲੰਗਰ ਵੀ ਲਗਾਇਆ ਗਿਆ।ਜਿਸਨੂੰ ਸੰਗਤਾਂ ਨੇ ਭਰਪੂਰ ਹੁੰਗਾਰਾ ਦਿਤਾ। ਇਸ ਤੋਂ ਇਲਾਵਾ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਵਲੋਂ ਸਾਢੇ ਤਿੰਨ ਲੱਖ ਦੀਆਂ ਦਵਾਈਆਂ ਦੀ ਵੱਡੀ ਖੇਪ ਸੁਪਨਿਆਂ ਦਾ ਘਰ ਮਨੁਖਤਾ ਦੀ ਸੇਵਾ ਲੁਧਿਆਣਾ ਨੂੰ ਭੇਜਣ ਦਾ ਐਲਾਨ ਵੀ ਕੀਤਾ ਗਿਆ ਜਿਸਨੂੰ ਇਕ ਦੋ ਦਿਨਾਂ ਵਿਚ ਭੇਜ ਦਿਤਾ ਜਾਵੇਗਾ। ਇਸ ਮੌਕੇ ਤੇ ਸੰਸਥਾ ਦੇ ਸਰਪ੍ਰਸਤ ਸਵ ਸ ਬਲਵੰਤ ਸਿੰਘ ਜਗੈਤ ਜੀ ਦੇ ਧਰਮ ਪਤਨੀ ਸ੍ਰੀਮਤੀ ਗੁਰਦਿਆਲ ਕੌਰ ਅਤੇ ਪਰਿਵਾਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਭਾਈ ਸੁਖਵੀਰ ਸਿੰਘ ਗੁਰੂ ਨਾਨਕ ਦਲ ਮੜੀਆਂ,ਬਟਾਲੇ ਵਾਲੇ ਕਵੀਸ਼ਰੀ ਜਥੇ ਨੇ ਸੇਵਾ ਸਿਮਰਨ ਅਤੇ ਦਸਵੰਧ ਦੇ ਵੱਡੇ ਸਿਧਾਂਤਾਂ ਨੂੰ ਗੁਰੂ ਸਾਹਿਬਾਨ ਦੁਆਰੇ ਦਰਸਾਏ ਮਾਰਗ ਤੇ ਚਲ ਕੇ ਜੀਵਨ ਸਫਲਾ ਕਰਨ ਵਾਰੇ ਬੋਲਾਂ ਦੀ ਸਾਂਝ ਪਾਕੇ ਸੰਗਤ ਨੂੰ ਇਹਨਾਂ ਸਿਧਾਂਤਾਂ ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ ਤੇ ਡਾ ਪਰਵਿੰਦਰ ਸਿੰਘ ਪ੍ਰਿੰਸੀਪਲ ,ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ,ਡਾ ਸੋਹਣ ਸਿੰਘ ਪਰਮਾਰ ਕੈਨੇਡਾ, ਪ੍ਰਿੰਸੀਪਲ ਡਾ ਤਰਸੇਮ ਸਿੰਘ ਭਿੰਡਰ ਮਾਤਾ ਦਰਸ਼ਨ ਕੋਰ ਪੱਲੀ ਉਚੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇਸ ਅਵਸਰ ਤੇ ਸਤਵੀਰ ਸਿੰਘ ਪੱਲੀ ਝਿੱਕੀ,ਸ ਬਲਵੀਰ ਸਿੰਘ ਝਿੱਕਾ,ਸ ਅਵਤਾਰ ਸਿੰਘ ਸਾਬਕਾ ਸਰਪੰਚ ਪਠਲਾਵਾ,ਸ ਕੁਲਦੀਪ ਸਿੰਘ ਪੀਜ਼ਾ ਹੌਟ,ਸ ਹਰਪਾਲ ਸਿੰਘ ਸਾਬਕਾ ਸਰਪੰਚ ਪਠਲਾਵਾ ਸ ਜਗਜੀਵਨ ਸਿੰਘ ਏ ਐਸ ਆਈ ਪੰਜਾਬ ਪੁਲਿਸ ਹੁਸ਼ਿਆਰਪੁਰ,ਸ ਅਮਰਜੀਤ ਸਿੰਘ ਸਬ ਇੰਸਪੈਕਟਰ ਪੰਜਾਬ ਪੁਲਿਸ ਝਿੱਕਾ,ਡਾ ਅਮਰੀਕ ਸਿੰਘ ਸੋਢੀ ,ਸ ਜਰਨੈਲ ਸਿੰਘ ਪੱਲੀ ਝਿੱਕੀ,,ਮਾ ਗੁਰਚਰਨ ਸਿੰਘ ਬਸਿਆਲਾ ,ਡਾ ਅਵਤਾਰ ਸਿੰਘ ਦੇਨੋਵਾਲ ਕਲਾਂ ਸ ਜੋਗਾ ਸਿੰਘ ਸਾਧੜਾ,ਸ ਦਵਿੰਦਰ ਸਿੰਘ ਸਾਹ ਜੀ , ਜਤਿੰਦਰ ਪਾਲ ਸਿੰਘ ਹੈਪੀ ਸੂਰਾਪੁਰੀ,ਸ ਜੋਗਾ ਸਿੰਘ ਫੁੱਟਬਾਲ ਕੋਚ ,ਸ ਰਣਵੀਰ ਸਿੰਘ ਲੌਂਗੀਆ,ਸ ਅਮਰਜੀਤ ਸਿੰਘ ਗੁਜ਼ਰ ਪੁਰ ਹੈਡਮਾਸਟਰ ਸੋਹਣ ਸਿੰਘ ਪਠਲਾਵਾ, ਵਿਕਾਸ ਗਰੋਵਰ ਬੰਗਾ, ਵਿਸ਼ਾਲ ਚੋਪੜਾ ਬੰਗਾ, ਹਰਪ੍ਰਤਾਪ ਸਿੰਘ ਜਲੰਧਰ, ਡਾ ਗੁਰਮੀਤ ਕੌਰ ਜਲੰਧਰ, ਕੁਲਵਿੰਦਰ ਸਿੰਘ ਲਾਲੀ ,ਸ ਆਤਮਾਂ ਸਿੰਘ ਸੂਰਾਪੁਰ, ਹਰਵਿੰਦਰ ਸਿੰਘ ਸੂਰਾਪੁਰ, ਸੰਸਥਾ ਦੇ ਪ੍ਰੈਸ ਸਕੱਤਰ ਮਾ ਸੁਰਿੰਦਰ ਸਿੰਘ ਕਰਮ,ਜੀ ਚੰਨੀ ਪਠਲਾਵਾ, ਰਾਣਾ ਭੁਪਿੰਦਰ ਸਿੰਘ ਚੌਹੜਾ , ਜਗਦੀਪ ਸਿੰਘ ਸੂਰਾਪੁਰ,, ਸਤਿੰਦਰਜੀਤ ਸਿੰਘ ਚੌਂਹੜਾ ਸੰਸਥਾ ਦਾ ਸਮੂਹ ਇਸਤਰੀ ਵਿੰਗ ਹਾਜਿਰ ਸੀ ।ਸੰਗਤਾਂ ਲਈ ਚਾਹ ਪਕੌੜਿਆਂ ਅਤੇ ਗੁਰੂ ਕੇ ਲੰਗਰ ਦੇ ਭੰਡਾਰੇ ਅਤੁੱਟ ਵਰਤਾਏ ਗਏ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੰਸਥਾ ਦੇ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ ਅਤੇ ਮਾਂ ਤਰਲੋਚਨ ਸਿੰਘ ਪਠਲਾਵਾ ਵਲੋਂ ਸਾਂਝੇ ਤੌਰ ਤੇ ਨਿਭਾਈਂ ਗਈ

**ਵਿਸ਼ੇਸ਼ ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**






ਆਵਾਜ਼ਿ ਕੌਮ AWAZE QAUM International Newspaper & WEB TV

ਗੁਰਦੁਆਰਾ ਸਾਹਿਬ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਸਾਹਿਬ ਜੀ ਕਾਜਲਮਾਰਨੋ ਕਾਰਮੋਨਾ ਇਟਲੀ ਵਿਖੇ

# ਇਟਲੀ ਵਿੱਚੋਂ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ, ਜਥੇਬੰਦੀਆਂ ਤੇ ਸੂਝਵਾਨ ਸਿੰਘਾਂ ਦੀ ਪੰਥਕ ਇਕੱਤਰਤਾ ਦੌਰਾਨ ਇਟਲੀ ਵਿਚ ਮੌਜੂਦਾ ਦਰਪੇਸ਼ ਸਮੱਸਿਆਵਾਂ ਧਾਰਮਿਕ ਅਤੇ ਸਮਾਜਿਕ ਉਤੇ ਵਿਚਾਰ ਵਟਾਂਦਰਾ ਕੀਤਾ ਗਿਆ



**ਇਟਲੀ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਗੁਰਦੁਆਰਾ ਸਾਹਿਬ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਸਾਹਿਬ ਜੀ ਕਾਜਲਮਾਰਨੋ ਕਾਰਮੋਨਾ ਇਟਲੀ ਵਿਖੇ 1/03/2025 ਨੂੰ ਸਾਰੀ ਇਟਲੀ ਵਿੱਚੋਂ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ, ਜਥੇਬੰਦੀਆਂ ਤੇ ਸੂਝਵਾਨ ਸਿੰਘਾਂ ਦੀ ਪੰਥਕ ਇਕੱਤਰਤਾ ਦੌਰਾਨ ਇਟਲੀ ਵਿਚ ਮੌਜੂਦਾ ਦਰਪੇਸ਼ ਸਮੱਸਿਆਵਾਂ ਧਾਰਮਿਕ ਅਤੇ ਸਮਾਜਿਕ ਉਤੇ ਵਿਚਾਰ ਵਟਾਂਦਰਾ ਕੀਤਾ ਗਿਆ ਇਨ੍ਹਾਂ ਦੇ ਹੱਲ ਅਤੇ ਅਗਾਂਹ ਨਾ ਹੋਣ ਇਨ੍ਹਾਂ ਦੇ ਹੱਲ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇਵਾ ਸੰਭਾਲ (ਦਮਦਮੀ ਟਕਸਾਲ) ਇਟਲੀ ਜਥੇਬੰਦੀ ਦਾ ਗਠਨ ਕੀਤਾ ਗਿਆ। ਜਿਸ ਵਿੱਚ ਗੁਰੂ ਸਾਹਿਬ ਜੀ ਤੋਂ ਚਲਾਈ ਹੋਈ ਮਰਯਾਦਾ ਪੰਚ ਪ੍ਰਧਾਨੀ ਪ੍ਰਮੁੱਖ ਰੂਪ ਵਿੱਚ ਸੇਵਾ ਕਰੇਗੀ ਜਿਸਦਾ ਮੁੱਖ ਮਕਸਦ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ, ਮਰਯਾਦਾ, ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਲੈਕੇ ਨਿਤ ਨਵੇਂ ਰੋਲੇ ਜੋ ਸੋਸ਼ਲ ਮੀਡੀਆ ਤੇ ਪਾਏ ਜਾਂਦੇ ਉਨ੍ਹਾਂ ਦਾ ਹੱਲ ਕਰਾਉਣ ਵਾਸਤੇ ਯਤਨ ਕਰਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਆਨੰਦ ਕਾਰਜ ਸਮੇਂ ਸਮੁੰਦਰ ਦੇ ਕੰਢਿਆਂ ਤੇ ਖੜ੍ਹਨ ਤੋਂ ਰੋਕਣਾ ਤੇ ਪਿਛਲੇ ਸਮੇਂ ਵਿੱਚ ਇਟਲੀ ਵਿਚ ਕੁਝ ਕੁ ਨਵੇਂ ਆਏ ਮੁੰਡਿਆਂ ਵਿਚੋਂ ਆਤਮ ਹੱਤਿਆਂ ਕੀਤੀਆਂ ਗਈਆਂ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਹੋਵੇ ਉਹ ਜਥੇਬੰਦੀ ਦੇ ਸਿੰਘਾਂ ਨਾਲ ਸੰਪਰਕ ਕਰੇ ਆਉਣ ਵਾਲੇ ਸਮੇਂ ਵਿੱਚ ਇਟਲੀ ਦੀ ਹਰ ਸਟੇਟ ਤੇ ਜ਼ਿਲ੍ਹੇ ਦੇ ਸਿੰਘਾਂ ਦੇ ਨੰਬਰ ਦਿੱਤੇ ਜਾਣਗੇ। ਇਸ ਮੌਕੇ ਭਾਈ ਰਜਿੰਦਰ ਸਿੰਘ ਰੰਮੀ ਬੇਰਗਾਮੋ, ਭਾਈ ਪ੍ਰਗਟ ਸਿੰਘ ਖਾਲਸਾ, ਭਾਈ ਪ੍ਰਤਾਪ ਸਿੰਘ ਆਲਸਾਦਾਰੀਆ,

ਗਿਆਨੀ ਸੁਰਜੀਤ ਸਿੰਘ ਖੰਡੇਵਾਲਾ, ਭਾਈ ਬਿਕਰਮਜੀਤ ਸਿੰਘ ਬਰੇਸ਼ੀਆ, ਭਾਈ ਗੁਰਕੀਰਤ ਸਿੰਘ ਕਾਹਲੋ, ਭਾਈ ਨਛੱਤਰ ਸਿੰਘ ਕਾਸਤੀਲੀਓਨੇ, ਭਾਈ ਬਲਜੀਤ ਸਿੰਘ ਮੰਡ, ਭਾਈ ਭਗਵੰਤ ਸਿੰਘ ਕੰਗ, ਭਾਈ ਦਰਬਾਰਾ ਸਿੰਘ ਬੇਰਗਾਮੋ, ਭਾਈ ਬਲਜਿੰਦਰ ਸਿੰਘ ਢਿੱਲੋਂ, ਭਾਈ ਜਸਵੀਰ ਸਿੰਘ ਨਵਲਾਰਾ, ਭਾਈ ਗੁਰਦੇਵ ਸਿੰਘ ਬੇਰਗਾਮੋ, ਭਾਈ ਦਵਿੰਦਰ ਸਿੰਘ ਤੋਰੇਦੀ ਪਿਚਨਾਰਦੀ, ਭਾਈ ਅਮਨ ਸਿੰਘ ਓਫਾਨੈਗੋ, ਭਾਈ ਭੁਪਿੰਦਰ ਸਿੰਘ ਵੀਰੋਲਾਨੋਵਾ, ਭਾਈ ਜਸਪਾਲ ਸਿੰਘ ਲੋਧੀ ਭਾਈ ਰਾਜਵਿੰਦਰ ਸਿੰਘ ਕੰਗ, ਭਾਈ ਹਰਪਾਲ ਸਿੰਘ ਵੋਗੇਰਾ, ਭਾਈ ਜਸਵੰਤ ਸਿੰਘ ਹੋਠੀ, ਭਾਈ ਸਤਪਾਲ ਸਿੰਘ ਗੋਲਡੀ, ਭਾਈ ਸ਼ਮਸ਼ੀਰ ਸਿੰਘ, ਪਲਵਿੰਦਰ ਸਿੰਘ, ਭਾਈ ਸੁਚੇਤ ਸਿੰਘ, ਭਾਈ ਕਰਮਜੀਤ ਸਿੰਘ, ਭਾਈ ਜਤਿੰਦਰ ਸਿੰਘ ਬੱਗਾ, ਜੱਗਾ piacenza, ਭਾਈ ਇਕਬਾਲ ਸਿੰਘ ਪਾਲਾ ਅਤੇ ਹੋਰ ਪੰਥਕ ਤੇ ਧਾਰਮਿਕ ਸ਼ਖਸੀਅਤਾਂ ਹਾਜ਼ਰ ਸਨ।

ਹਾਲੇ ਵੀ ਝੂੱਠੇ ਪੁਲੀਸ ਮੁਕਾਬਲੇ ਕਰਨ ਵਾਲੇ

# ਪੁਲੀਸ ਅਧਕਾਰੀਆ ਨੇ ਬੀਤੇ ਤੋ ਸਬਕ ਨਹੀਂ ਸਿੱਖਿਆ — ਪੰਜੋਲੀ



**ਨਵੀਂ ਦਿੱਲੀ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਖਾੜਕੂ ਲਹਿਰ ਦੇ ਸਮੇਂ ਬਹੁਤ ਸਾਰੇ ਪੁਲੀਸ ਅਧਕਾਰੀਆ ਨੇ ਤਰੱਕੀਆਂ ਅਤੇ ਇਨਾਮਾਂ ਦੇ ਲਾਲਚ ਵਿੱਚ ਬਹੁਤ ਸਾਰੇ ਝੂੱਠੇ ਪੁਲੀਸ ਮੁਕਾਬਲੇ ਕੀਤੇ ਸਨ ।ਹਰ ਰੋਜ਼ ਹੀ ਕਿਸੇ ਨਾ ਕਿਸੇ ਕਮਾਦ ਦੇ ਖੇਤ ਵਿੱਚ ਜਾਂ ਕਿਸੇ ਨਹਿਰ ਜਾਂ ਸੂਏ ਦੀ ਪੁੱਲੀ ਊਤੇ ਗੋਲੀਆਂ ਨਾਲ ਬਿੰਨੀਆ ਸਿੱਖ ਨੌਜੂਆਨਾ ਦੀ ਲਾਸ਼ਾਂ ਮਿਲਦੀਆਂ ਸਨ ।ਪੁਲੀਸ ਅਧਕਾਰੀਆ ਨੇ ਲਾਲਚ ਵੱਸ ਘਰਾਂ ਦੇ ਘਰ ਖਾਲੀ ਕਰ ਦਿੱਤੇ ।ਮੈਨੂੰ ਯਾਦ ਹੈ ਕਿ ਅਸੀਂ ਹਰ ਰੋਜ਼ ਹੀ ਕਿਸੇ ਨਾ ਕਿਸੇ ਸਿੱਖ ਨੌਜੂਆਨ ਦੀ ਗੋਲੀਆਂ ਨਾਲ ਬਿੰਨੀ ਲਾਸ਼ ਦਾ ਸਸਕਾਰ ਕਰਦੇ ਅਤੇ ਊਹਨਾ ਦੇ ਭੋਗ ਪਾਉਂਦੇ ।ਅਦਾਲਤਾਂ ਅਤੇ ਸਰਕਾਰ ਨੂੰ ਅਪੀਲਾਂ ਕਰਦੇ ਕਿ ਊਹ ਇਹਨਾਂ ਝੂੱਠੇ ਪੁਲੀਸ ਮੁਕਾਬਲਿਆਂ ਦੀ ਪੜਤਾਲ ਕਰਾਵੇ , ਪਰ ਕਿਤੇ ਸੁਣਵਾਈ ਨਹੀਂ ਸੀ ਹੁੰਦੀ ।ਬਹੁਤ ਸਾਰੇ ਸਿੱਖ ਨੌਜੂਆਨਾ ਦਾ ਤਾ ਇਹ ਵੀ ਨਹੀਂ ਪਤਾ ਕਿ ਊਹਨਾ ਦਾ ਕੀ ਬਣਿਆ ।ਮਾਪੇ ਰੋਂਦੇ ਰਹਿੰਦੇ ਕਿ ਸਾਨੂੰ ਸਾਡੇ ਪੁੱਤਰ ਦੀ ਲਾਸ਼ ਹੀ ਦੇ ਦਿਓ ਪਰ ਕਿਸੇ ਨਾ ਲਾਸ਼ ਵੀ ਨਾ ਦਿੱਤੀ ।ਲਾਸ਼ਾਂ ਲੱਭਦਾ ਲੱਭਦਾ ਭਾਈ ਜਸਵੰਤ ਸਿੰਘ ਖਾਲੜਾ ਖੁੱਦ ਇੱਕ ਲਾਸ਼ ਬਣ ਗਿਆ ।ਰੋਂਦੇ ਕੁਰਲਾਦੇ ਮਾਪੇ ਅੱਖਾਂ ਤੋ ਅੰਨੇ ਹੋ ਗਏ , ਅੰਤ ਪੁੱਤਰ ਦੀ ਲਾਸ਼ ਉਡੀਕਦੇ ਉਡੀਕਦੇ ਦੁਨੀਆਂ ਵਿੱਚੋਂ ਹੀ ਚਲੇ ਗਏ ।ਮੈਨੂੰ ਯਾਦ ਹੈ ਕਿ ਇੱਕ ਵਾਰ ਮੈਂ ਪਟਿਆਲੇ ਦੇ ਮਾਲਵਾ ਸਿਨਮੇ ਵਿੱਚ ਇੱਕ ਫਿਲਮ ਵੇਖ ਰਿਹਾ ਸੀ ਕਿ ਅਚਾਨਕ ਹੀ ਸੁਰਜੀਤ ਸਿੰਘ ਗਰੇਵਾਲ ਜੋ ਊਸ ਸਮੇ ਸੀ ਆਈ ਏ ਸਟਾਫ ਪਟਿਆਲੇ ਵਿੱਚ ਲੱਗਾ ਹੋਇਆ ਦੀ ਅਗਵਾਈ ਵਿੱਚ ਪੁਲੀਸ ਦੀ ਇੱਕ ਵੱਡੀ ਧਾੜ ਸਿਨਮੇ ਵਿੱਚ ਆ ਵੜੀ ਅਤੇ ਇੱਕ ਸਿੱਖ ਨੌਜੂਆਨ ਨੂੰ ਗ੍ਰਿਫਤਾਰ ਕਰਕੇ ਲੈ ਗਈ ।ਸਿਨਮੇ ਵਿੱਚ ਹਫਰਾ ਤਫਤੀ ਫੈਲ ਗਈ ।ਲੋਕ ਸਿਨਮੇ ਤੋ ਬਾਹਰ ਨੂੰ ਭੱਜ ਨਿਕਲੇ ਪੁਲੀਸ ਨੇ ਊਸ ਸਿੱਖ ਨੌਜੂਆਨ ਦੇ ਉੱਪਰ ਕੰਬਲ ਪਾਕੇ ਜਿਪਸੀ ਵਿੱਚ ਸੁੱਟ ਲਿਆ ਮੈਂ ਵੀ ਊਸ ਨੂੰ ਵੇਖਿਆ ਊਸ ਦੇ ਚਿੱਟੇ ਰੰਗ ਦੇ ਬੂਟਪਾਏ ਹੋਏ ਸਨ ।ਮੈਂ ਗਵੱਰਨਰ ਪੰਜਾਬ ਨੂੰ ਇੱਕ ਟੈਲੀਗ੍ਰਾਮ ਕੀਤੀ ਕਿ ਪਟਿਆਲਾ ਪੁਲੀਸ ਨੇ ਮਾਲਵਾ ਸਿਨਮੇ ਵਿੱਚੋਂ ਇੱਕ ਸਿੱਖ ਨੌਜੂਆਨ ਫੜਿਆ ਹੈ ਆਪ ਜੀ ਜਾਤੀ ਦਾਖਲ ਕੇ ਊਸ ਦੀ ਗ੍ਰਿਫਤਾਰੀ ਪੁਆਓ ।ਮੈਂ ਪਟਿਆਲੇ ਦੀ ਪ੍ਰੈਸ ਨੂੰ ਬਿਆਨ ਵੀ ਦਿੱਤਾ ਸੀ ।ਦੋ ਦਿਨ ਬਾਅਦ ਊਸ ਨੌਜੂਆਨ ਦਾ ਜਖਵਾਲੀ ਪਿੰਡ ਲਾਗੇ ਕਮਾਦ ਦੇ ਖੇਤ ਵਿੱਚ ਝੂੱਠਾ ਪੁਲੀਸ ਮੁਕਾਬਲਾ ਦਿਖਾ ਦਿੱਤਾ ।ਮੈ ਈਸ ਕਮਾਰ ਈਸ ਬਸੀ ਪਠਾਣਾ ਜੋ ਪੰਜਾਬੀ ਟਰਬਿਊਨ ਦਾ ਪੱਤਰਕਾਰ ਸੀ ਨੂੰ ਨਾਲ ਲੈ ਕੇ ਊਸ ਨੌਜੂਆਨ ਦੀ ਲਾਸ਼ ਵੇਖੀ ਮੈ ਬਿਆਨ ਦਿੱਤਾ ਕਿ ਇਹ ਸਿੱਖ ਨੌਜੂਆਨ ਨੂੰ ਪੁਲੀਸ ਨੇ ਮਾਲਵਾ ਸਿਨਮੇ ਵਿੱਚੋਂ ਫੜਿਆ ਸੀ ।ਮੈ ਬਿਆਨ ਦਿੱਤਾ ਕਿ ਇਹ ਪੁਲੀਸ ਮੁਕਾਬਲਾ ਝੁੱਠਾ ਹੈ ਮੇਰੀ ਪੁਲੀਸ ਨਾਲ ਬਹੁਤ ਬਹਿਸ ਵੀ ਹੋਈ ।ਬਾਅਦ ਵਿੱਚ ਪੁਲੀਸ ਨੇ ਡਕਲੇਅਰ ਕੀਤਾ ਕਿ ਇਹ ਨੌਜੂਆਨ ਮੰਜਫੱਗੂਵਾਲ ਦਾ ਰਹਿਣ ਵਾਲਾ ਗੁਰਮੁੱਖ ਸਿੰਘ ਹੈ ਅਤੇ ਇਹ ਭਗੌੜਾ ਸੀ ।ਇਹ ਝੁੱਠਾ ਪੁਲੀਸ ਮੁਕਾਬਲਾ ਸੁਰਜੀਤ ਸਿੰਘ ਗਰੇਵਾਲ ਨੇ ਕੀਤਾ ਸੀ ਜੋ ਕਿ ਊਸ ਸਮੇ ਸੀ ਆਈ ਏ ਸਟਾਫ਼ ਲੱਗਾ ਹੋਇਆ ਸੀ ।ਬਾਅਦ ਵਿੱਚ ਇਸ ਝੂੱਠੇ ਪੁਲੀਸ ਮਕਾਬਲੇ ਦੀ ਸਾਰੀ ਕਹਾਣੀ ਮਾਲਵਿੰਦਰ ਸਿੰਘ ਮਾਲੀ ਹੋਰਾਂ ਨੇ ਮੇਰੇ ਬਿਆਨਾਂ ਨੂੰ ਅਧਾਰ ਬਣਾਕੇ ਵਾਇਟ ਪੇਪਰ ਵਿੱਚ ਵੀ ਛਾਪੀ ਸੀ ।ਇੱਕ ਹੋਰ ਪੁਲੀਸ ਅਧਕਾਰੀ ਨੇ ਸ਼ਰਾਬ ਦੇ ਨਸੇ ਵਿੱਚ ਅਪਣੇ ਇੱਕ ਦੋਸਤ ਨੂੰ ਦੱਸਿਆ ਕਿ ਜਦੋਂ ਅਸੀਂ ਕਿਸੇ ਸਿੱਖ ਨੌਜੂਆਨ ਨੂੰ ਫੜਦੇ ਹਾ ਅਤੇ ਪੁੱਛ ਗਿੱਛ ਲਈ ਟਾਰਚਰ ਕਰਦੇ ਅਤੇ ਬਾਅਦ ਵਿੱਚ ਊਸ ਨੂੰ ਮਾਰ ਕੇ ਊਸ ਦੇ ਤਿੰਨ ਟੁਕੜੇ ਕਰਕੇ ਸਤਿਲੁੱਜ ਦਰਿਆ ਰੋਪੜ ਜਾ ਹਰੀਕੇ ਪੱਤਣ ਵਿੱਚ ਸੁੱਟ ਦਿੰਦੇ ਸਾ ।ਜਿਹਨਾ ਨੂੰ ਮੱਛੀਆਂ ਖਾ ਜਾਂਦੀਆਂ ਸਨ ।ਇਹ ਪਾਪ ਪਤਾ ਨਹੀਂ ਕਿੰਨੇ ਕੂ ਪੁਲੀਸ ਅਫਿਸਰਾ ਨੇ ਕੀਤੇ ਹੋਣੇ ਨੇ ।ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਕ ਵਾਰ ਐਲਾਨ ਕੀਤਾ ਸੀ ਕਿ ਜੇ ਸਾਡੀ ਸਰਕਾਰ ਬਣੀ ਤਾਂ ਅਸੀਂ ਝੂੱਠੇ ਪੁਲੀਸ ਮੁਕਾਬਾਲਿਆ ਦੀ ਜਾਂਚ ਕਰਾਵਾਂਗੇ ਅਤੇ ਦੋਸ਼ੀ ਪੁਲੀਸ ਅਧਕਾਰੀਆ ਨੂੰ ਸਜ਼ਾਵਾਂ ਦਵਾਗੇ । ਬਾਦਲ ਸਾਹਿਬ ਦੀ ਸਰਕਾਰ ਤਾ ਬਣ ਗਈ ਪਰ ਪੰਜਾਬ ਵਿਧਾਨ ਸਭਾ ਦੇ ਪਹਿਲੇ ਹੀ ਸੈਸਨ ਵਿੱਚ ਜਦੋਂ ਕਾਮਰੇਡ ਹਰਦੇਵ ਅਰਸ਼ੀ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਕਿ ਝੂੱਠੇ ਪੁਲੀਸ ਮੁਕਾਬਲਿਆਂ ਦੀ ਪੜਤਾਲ ਕਦੋਂ ਕਰਵਾ ਰਹੇ ਹੋ ਤਾਂ ਬਾਦਲ ਸਾਹਿਬ ਨੇ ਵਿਧਾਨ ਸਭਾ ਵਿੱਚ ਹੀ ਕਹਿ ਦਿੱਤਾ ਸੀ ਕਿ ਛੱਡੋ ਜੀ ਹੁਣ ਦੱਬੇ ਮੁਰਦੇ ਪੁੱਟਣ ਦਾ ਕੀ ਫਾਇਦਾ ।ਪੰਥ ਦੀਆਂ ਵੋਟਾਂ ਨਾਲ ਬਣੀ ਪੰਥ ਦੀ ਸਰਕਾਰ ਪੰਥ ਦੇ ਬੱਚਿਆਂ ਦੇ ਡੁੱਲੇ ਲਹੂ ਦਾ ਇਨਸਾਫ ਪੰਥ ਨੂੰ ਨਾ ਲੈ ਕੇ ਦੇ ਸਕੀ ।ਅੱਜ ਜਦੋ ਨਿੱਜੀ ਰੂਪ ਵਿੱਚ ਕੁੱਝ ਮਾਪਿਆਂ ਵੱਲੋਂ ਪਾਏ ਗਏ ਕੇਸਾਂ ਵਿੱਚ ਕੁੱਝ ਪੁਲੀਸ ਅਧਕਾਰੀਆ ਨੂੰ ਸਜ਼ਾਵਾਂ ਮਿੱਲਦੀਆ ਹਨ ਤਾਂ ਸਕੂਨ ਜਰੂਰ ਮਿੱਲਦਾ ਹੈ ।ਪਰ ਹਾਲੇ ਵੀ ਕੁੱਝ ਪੁਲੀਸ ਅਧਕਾਰੀ ਨੇ ਝੁੱਠੇ ਪੁਲੀਸ ਮੁਕਾਬਲੇ ਬਨਾਊਣ ਤੋਂ ਤੋਬਾ ਨਹੀਂ ਕੀਤੀ ।ਮੈਂ ਊਹਨਾ ਨੂੰ ਕਹਿਣਾ ਚਹੁੰਦੇ ਕਿ ਜਿਹੜੇ ਪੁਲੀਸ ਅਧਕਾਰੀਆ ਨੂੰ ਝੂੱਠੇ ਪੁਲੀਸ ਮੁਕਾਬਲਿਆਂ ਦੇ ਦੋਸ਼ ਵਿੱਚ ਸਜ਼ਾਵਾਂ ਹੋ ਰਹੀਆਂ ਹਨ ਊਹਨਾ ਨੂੰ ਪੁੱਛ ਕੇ ਵੇਖੋ ਕਿ ਊਹ ਜੇਲਾਂ ਵਿੱਚ ਕਿਵੇਂ ਧਾਹੀ ਰੋਂਦੇ ਹਨ ।ਰੱਬ ਤੋ ਡਰੋ ਅਤੇ ਕਨੂੰਨ ਅਨੁੰਸਾਰ ਕੰਮ ਕਰੋ।

# ਅਕਾਲੀ ਦਲ ਨੂੰ ਮਜਬੂਤ ਕਰਨ ਲਈ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ: ਰਣਜੀਤ ਸਿੰਘ ਰੰਧਾਵਾ ਕਾਤਰੋਂ



**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਨੂੰ ਜੜ੍ਹ ਤੋਂ ਮਜਬੂਤ ਕਰਨ ਦੇ ਮਨੋਰਥ ਨਾਲ ਪਾਰਟੀ ਵਰਕਰ ਘਰ ਘਰ ਜਾ ਕੇ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਪੱਖੀ ਨੀਤੀਆਂ ਤੋਂ ਲੋਕਾਂ ਨੂੰ ਉਜਾਗਰ ਕਰਨ ਦਿਨ ਰਾਤ ਕੰਮ ਕਰਨਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਧੂਰੀ ਇਲਾਕੇ ਦੇ ਉੱਘੇ ਸਮਾਜ ਸੇਵੀ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਪਾਰਟੀ ਨੂੰ ਮਜਬੂਤ ਕਰਨ ਲਈ ਮਿਹਨਤੀ, ਇਮਾਨਦਾਰ ਅਤੇ ਟਕਸਾਲੀ ਅਕਾਲੀਆਂ ਨੂੰ ਅਹੁਦੇ ਦੇ ਕੇ ਨਿਵਾਜਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਪੰਥਕ ਪਾਰਟੀ ਹੈ ਜੋ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਨ ਦੇ ਸਮਰੱਥ ਹੈ ਕਿਉਂਕਿ ਆਮ ਆਦਮੀ ਪਾਰਟੀ ਵੱਲੋਂ ਝੂਠੇ ਲਾਰੇ ਲਾ ਕੇ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬ ਦੀ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਅਮਲੀ ਰੂਪ ਨਾ ਦਿੱਤੇ ਜਾਣ ਕਾਰਨ ਅੱਜ ਆਪਣਾ ਅਕਸ਼ ਪੰਜਾਬ ਦੀ ਜਨਤਾ ਤੋਂ ਖੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੰਥ ਦੇ ਹਿੱਤਾਂ ਲਈ ਧੜੇਬਾਜ਼ੀਆਂ ਛੱਡ ਕੇ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੀ ਸਖ਼ਤ ਲੋੜ ਹੈ ਸ਼ਹਿਰ ਦੇ ਵਾਰਡਾਂ ਅਤੇ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਿਆ ਜਾਵੇਗਾ।

# ਭਗਵਾਨ ਸ਼੍ਰੀ ਰਾਮ ਜੀ ਦੇ ਜਨਮ ਦਿਹਾੜੇ ’ਤੇ ਵਿਸ਼ਾਲ ਜਲੂਸ ਕੱਢਿਆ ਜਾਵੇਗਾ



**ਧੂਰੀ ( ਰਣਜੀਤ ਸਿੰਘ ਪੇਧਨੀ )**-6 ਅਪ੍ਰੈਲ ਦਿਨ ਐਤਵਾਰ ਨੂੰ ਸ਼੍ਰੀ ਰਾਮ ਭਗਤ ਪਰਿਵਾਰ ਧੂਰੀ ਅਤੇ ਸ਼੍ਰੀ ਬਾਲਾਜੀ ਖਾਟੂ ਸ਼ਿਆਮ ਸੇਵਾ ਸੰਮਤੀ ਧੂਰੀ ਵੱਲੋਂ ਭਗਵਾਨ ਸ਼੍ਰੀ ਰਾਮ ਜੀ ਦੇ ਜਨਮ ਦਿਹਾੜੇ ’ਤੇ ਵਿਸ਼ਾਲ ਜਲੂਸ ਕੱਢਿਆ ਜਾਵੇਗਾ ਜੋਕਿ ਸਨਾਤਨ ਧਰਮ ਆਸ਼ਰਮ ਧੂਰੀ ਪਿੰਡ ਰੋਡ ਧੂਰੀ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ ਵਿੱਚੋਂ ਦੀ ਹੁੰਦਾ ਹੋਇਆ ਸਨਾਤਨ ਧਰਮ ਆਸ਼ਰਮ ਵਿਖੇ ਹੀ ਸਮਾਪਤ ਹੋਵੇਗਾ। ਸ਼ੋਭਾ ਯਾਤਰਾ ਉਪਰੰਤ ਭਗਵਾਨ ਸ਼੍ਰੀ ਰਾਮ ਜੀ ਦਾ ਪ੍ਰਸ਼ਾਦ ਅਤੇ ਭੰਡਾਰਾ ਵਰਤਾਇਆ ਜਾਵੇਗਾ ਅਤੇ 12 ਅਪ੍ਰੈਲ ਨੂੰ ਸ਼੍ਰੀ ਹਨੂੰਮਾਨ ਜੀ ਦੇ ਜਨਮ ਦਿਹਾੜੇ ਦੇ ਸ਼ੁਭ ਮੌਕੇ ’ਤੇ ਸਨਾਤਨ ਧਰਮ ਆਸ਼ਰਮ ਵਿਖੇ ਰਾਤ 8:00 ਵਜੇ ਤੋਂ ਪ੍ਰਭੂ ਸ਼੍ਰੀ ਦੀ ਇੱਛਾ ਅਨੁਸਾਰ ਵਿਸ਼ਾਲ ਸੰਕੀਰਤਨ ਕਰਵਾਇਆ ਜਾਵੇਗਾ ਜਿਸ ਵਿੱਚ ਸ਼੍ਰੀ ਖੁਸ਼ਬੂ ਰਾਧੇ ਜੀ ਆਪਣੀ ਪੂਰੀ ਟੀਮ ਨਾਲ ਸਕਿਰਤਨ ਕਰਨ ਲਈ ਵਰਿੰਦਾਵਨ ਤੋਂ ਆ ਰਹੇ ਹਨ। ਸ਼ੋਭਾ ਯਾਤਰਾ ਬਾਰੇ ਵਿਚਾਰ-ਵਟਾਂਦਰਾ ਕਰਦੇ ਹੋਏ ਸੰਗਠਨ ਦੇ ਵਰਕਰ।

# ਆਪ ਦੀ ਦਿੱਲੀ ’ਚ ਹੋਈ ਹਾਰ ਕਾਰਨ ਪੰਜਾਬ ਵਿੱਚ 3 ਸਾਲ ਬਾਅਦ ਯਾਦ ਆਇਆ ਨਸ਼ੇ ਦਾ ਮੁੱਦਾ : ਐਡਵੋਕੇਟ ਜਸਵੀਰ ਸਿੰਘ ਖੇੜੀ



ਸੇਰਪੁਰ ( ਰਣਜੀਤ ਸਿੰਘ ਪੇਧਨੀ ) ਆਮ ਆਦਮੀ ਪਾਰਟੀ ਵਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 4 ਹਫਤਿਆਂ ਵਿੱਚ ਸਿੰਥੈਟਿਕ ਨਸ਼ੇ ਨੂੰ ਖਤਮ ਕਰਨ ਦੀ ਗਰੰਟੀ ਦੇਣ ਦੇ ਬਾਵਜੂਦ 3 ਸਾਲ ਬਾਅਦ ਨਸ਼ਿਆਂ ਵਿਰੁੱਧ ਕਾਰਵਾਈ ਕਰਨ ਦੀ ਉਸ ਸਮੇਂ ਯਾਦ ਆਈ ਹੈ ਜਦੋਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਬੁਰੀ ਤਰਾਂ ਹਾਰ ਦਾ ਮੂੰਹ ਦੇਖਣਾ ਪਿਆ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਗਰਸ ਪਾਰਟੀ ਦੇ ਸੀਨੀਅਰ ਆਗੂ ਜਸਵੀਰ ਸਿੰਘ ਖੇੜੀ ਪ੍ਰਮੁੱਖ ਦਾਅਵੇਦਾਰ ਵਿਧਾਨ ਸਭਾ ਹਲਕਾ ਮਹਿਲ ਕਲਾਂ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਕੀਤੀ ਜਾ ਰਹੀ ਕਾਰਵਾਈ ਸਿਰਫ ਨਸ਼ਾ ਵਰਤਣ ਜਾਂ ਛੋਟੇ ਨਸ਼ਾ ਤਸਕਰਾਂ ਤੱਕ ਹੀ ਨਹੀਂ ਰਹਿਣੀ ਚਾਹੀਦੀ ਸਗੋਂ ਵੱਡੇ ਮੱਗਰਮੱਛਾਂ ਨੂੰ ਵੀ ਹੱਥ ਪਾਉਣਾ ਚਾਹੀਦਾ ਹੈ। ਜੋ ਪੰਜਾਬ ਵਿਚੋਂ ਸਿੰਥੈਟਿਕ ਨਸ਼ੇ ਦਾ ਪੂਰੀ ਤਰਾਂ ਖਾਤਮਾ ਹੋ ਸਕੇ। ਉਨਾ ਕਿਹਾ ਕਿ ਭਗਵੰਤ ਮਾਨ ਨੂੰ ਆਪਣੇ ਸਿਆਸੀ ਵਿਹੜੇ ਵਿੱਚ ਵੀ ਝਾੜੂ ਮਾਰਨਾ ਚਾਹੀਦਾ ਹੈ ਜਿਹੜੇ ਵਿਧਾਇਕ ਲੱਖਾਂ ਰੁਪਏ ਵਿੱਚ ਪ੍ਰਧਾਨਗੀਆਂ ਵੇਚ ਰਹੇ ਹਨ ।ਜਿਨ੍ਹਾਂ ਤੇ ਮਹੀਨਾ ਲੈਣ ਦੇ ਦੋਸ਼ ਲੱਗ ਰਹੇ ਹਨ ਅਤੇ ਜਿਹੜੇ ਕਥਿਤ ਤੋਰ ਤੇ ਸ਼ਰਾਬ ਦੇ ਨਸ਼ੇ ਵਿੱਚ ਅੱਧੀ ਰਾਤ ਮਹਿਲਾ ਨੂੰ ਗਾਲੀ ਗਲੋਚ ਕਰਦੇ ਹਨ। ਉਨ੍ਹਾਂ ਦੀ ਜਾਂਚ ਕਰਕੇ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ ਤਾਂ ਜੋ ਕੋਈ ਸਤਾ ਦੇ ਨਸ਼ੇ ਵਿੱਚ ਕਿਸੇ ਆਮ ਆਦਮੀ ਨਾਲ ਧੱਕਾ ਕਰਨ ਦਾ ਸੋਚ ਵੀ ਨਾਂ ਸਕੇ।

# ਪੰਜਾਬ ਦੇ ਅੰਦਰ ਲੋਕਾਂ ਦਾ ਰੁਝਾਨ ਭਾਰਤੀ ਜਨਤਾ ਪਾਰਟੀ ਵੱਲ ਵੱਧ ਰਿਹਾ : ਜੋਗਿੰਦਰ ਸਿੰਘ ਖਾਲਸਾ



ਧੂਰੀ ( ਰਣਜੀਤ ਸਿੰਘ ਪੇਧਨੀ )-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਜੋਗਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਦੇ ਅੰਦਰ ਲੋਕਾਂ ਦਾ ਕੁਝਾਨ ਭਾਰਤੀ ਜਨਤਾ ਪਾਰਟੀ ਵੱਲ ਵੱਧ ਰਿਹਾ ਹੈ ਕਿਉਂਕਿ ਲੋਕ ਜਾਣ ਚੁੱਕੇ ਹਨ ਕਿ ਇੱਕੋ ਇੱਕ ਪਾਰਟੀ ਭਾਜਪਾ ਹੈ ਜੋ ਪੰਜਾਬ ਦਾ ਭਲਾ ਕਰ ਸਕਦੀ ਹੈ ।ਉਹਨਾਂ ਨੇ ਕਿਹਾ ਕਿ ਦੇਸ਼ ਨਰਿੰਦਰ ਮੋਦੀ ਜੀ ਦੀ ਅਗਵਾਈ ਦੇ ਵਿੱਚ ਤਰੱਕੀ ਕਰ ਰਿਹਾ ਹੈ। ਪ੍ਰਧਾਨ ਮੰਤਰੀ ਵੀ ਚਾਹੁੰਦੇ ਹਨ ਕਿ ਪੰਜਾਬ ਵੀ ਭਾਰਤ ਦੇਸ਼ ਦੀ ਤਰ੍ਹਾਂ ਤਰੱਕੀ ਕਰੇ ਪੰਜਾਬ ਦੇ ਵਿੱਚੋਂ ਨਸ਼ਾ ਖਤਮ ਹੋਵੇ ਬੇਰੁਜਗਾਰੀ ਖਤਮ ਹੋਵੇ, ਮਹਿਲਾਵਾਂ ਦਾ ਸਨਮਾਨ ਹੋਵੇ ਨੌਜਵਾਨ ਵਰਗ ਨੂੰ ਨੌਕਰੀਆਂ ਦਿੱਤੀਆਂ ਜਾਣ ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸੁਪਨਿਆਂ ਨੂੰ ਪੂਰਾ ਕਰਨ ਦੇ ਲਈ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਦੇ ਲਈ ਲੋਕਾਂ ਨੂੰ ਨਾਲ ਜੋੜਨ ਦਾ ਕੰਮ ਕਰ ਰਹੀ ਹੈ, ਲੋਕਾਂ ਵੱਲੋਂ ਬੜਾ ਭਰਮਾ ਹੁੰਗਾਰਾ ਮਿਲ ਰਿਹਾ ਹੈ, ਆਉਣ ਵਾਲੀਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਵੱਡੀ ਬਹੁਮਤ ਦੇ ਨਾਲ ਸਰਕਾਰ ਬਣਾਵੇਗੀ।

## "ਹਕੂਮਤ-ਏ-ਹਿੰਦ ਨਾਲ਼ ਟੱਕਰ ਲੈਣ ਲਈ ਮੈਂ ਐਨਾ ਹੀ ਕਰ ਸਕਿਆ, ਮੇਰਾ ਐਨਾ ਕੁ ਹਿੱਸਾ ਕਬੂਲ ਕਰਿਓ!"



ਸਿੱਖ ਨਜ਼ਰਬੰਦਾਂ ਨੂੰ ਰਿਹਾਅ ਕਰਾਉਣ ਲਈ ਆਪਣਾ ਆਪਾ ਕੁਰਬਾਨ ਕਰਨ ਵਾਲ਼ੇ ਬਜੁਰਗ ਟਕਸਾਲੀ ਅਕਾਲੀ ਬਾਪੂ ਸੂਰਤ ਸਿੰਘ ਦੀਆਂ ਅਸਥੀਆਂ ਨੂੰ ਕੀਰਤਪੁਰ ਸਾਹਿਬ, ਪੰਜਾਬ ਵਿਖੇ ਜਲ ਪਰਵਾਹ ਕੀਤਾ ਜਾਵੇਗਾ। ਇਸ ਸਬੰਧੀ ਉਹਨਾਂ ਦੇ ਨਮਿਤ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਾਠ ਮਿਤੀ 7 ਮਾਰਚ ਦਿਨ ਸ਼ੁਕਰਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਹਸਨਪੁਰ (ਫਿਰੋਜ਼ਪੁਰ ਰੋਡ, ਜਿਲ੍ਹਾ ਲੁਧਿਆਣਾ) ਵਿਖੇ ਪ੍ਰਕਾਸ਼ ਹੋਵੇਗਾ। ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਮਿਤੀ 9 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਵੇਗਾ। ਸ਼ਰਧਾਂਜਲੀ ਸਮਾਗਮ ਉਪਰੰਤ ਬਾਪੂ ਸੂਰਤ ਸਿੰਘ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਲਈ ਕਾਫਲੇ ਦੇ ਰੂਪ 'ਚ ਕੀਰਤਪੁਰ ਸਾਹਿਬ ਵਿਖੇ ਲਿਜਾਇਆ ਜਾਵੇਗਾ।

ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿਛੜੇ ਕੌਮੀ ਆਗੂ ਨੂੰ ਸ਼ਰਧਾਂਜਲੀ ਦੇਣ ਲਈ ਮਿਤੀ 9 ਮਾਰਚ ਦਿਨ ਐਤਵਾਰ ਨੂੰ ਪਿੰਡ ਹਸਨਪੁਰ (ਫ਼ਿਰੋਜ਼ਪੁਰ ਰੋਡ) ਜ਼ਿਲ੍ਹਾ ਲੁਧਿਆਣਾ ਵਿਖੇ ਪਹੁੰਚੋ ਜੀ!

ਵਧੇਰੇ ਜਾਣਕਾਰੀ ਲਈ ਸੰਪਰਕ: 98557 25313

ਆਵਾਜ਼ਿ ਕੌਮ AWAZE QAUM International Newspaper & WEB TV

**ਇਲਾਜ ਕਰਵਾਉਣ ਆਉਂਦੇ ਲੋਕਾਂ ਨੂੰ ਪਹਿਲਾਂ ਪਰਚੀ ਲਈ, ਡਾਕਟਰ ਕੋਲ ਚੈਕਅਪ ਲਈ, ਦਵਾਈ ਲੈਣ ਲਈ, ਦਵਾਈ ਦਿਖਾਉਣ ਲਈ ਅਤੇ ਟੈਸਟ ਕਰਵਾਉਣ ਲਈ ਵਾਰ-ਵਾਰ ਲੱਗਣਾ ਪੈਂਦਾ ਏ ਲਾਈਨਾਂ ਵਿਚ**

# ਸਿਵਲ ਹਸਪਤਾਲ ਬਨਾਮ ਚਿੱਟਾ ਹਾਥੀ




ਫਿਰੋਜ਼ਪੁਰ, 4 ਮਾਰਚ (ਮਨੋਹਰ ਲਾਲ) :— ਬੇਸ਼ੱਕ ਜਦੋਂ ਤੋਂ ਭਾਰਤ ਆਜ਼ਾਦ ਹੋਇਆ ਹੈ, ਉਦੋਂ ਤੋਂ ਹੀ ਹੋਰਨਾਂ ਸਹੂਲਤਾਂ ਦੇ ਨਾਲ—ਨਾਲ ਸਿਹਤ ਸਹੂਲਤ ਨੂੰ ਵਿਸ਼ੇਸ਼ ਬਣਾਉਣ ਦੀਆਂ ਕੋਸਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਇਹ ਕੋਸਿਸ਼ਾਂ ਨੂੰ ਅੱਜ 70 ਸਾਲ ਬੀਤ ਜਾਣ ਤੇ ਵੀ ਬੂਰ ਪੈਂਦਾ ਨਜ਼ਰੀ ਨਹੀਂ ਪੈ ਰਿਹਾ।




ਅੱਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਪੁੱਜੀ ਸਾਡੀ ਟੀਮ ਨੇ ਦੇਖਿਆ ਕਿ ਜਿਲ੍ਹਾ ਪੱਧਰੀ ਹਸਪਤਾਲ ਹੋਣ ਕਰਕੇ ਇਥੇ ਸ਼ਹਿਰੀਆਂ ਦੇ ਨਾਲ—ਨਾਲ ਲਾਗਲੇ ਪਿੰਡਾਂ ਦੇ ਲੋਕ ਵੀ ਆਉਂਦੇ ਹਨ, ਜਿਸ ਕਰਕੇ ਗਿਣਤੀ ਜਿਆਦਾ ਹੋਣ ਦੀ ਸੂਰਤ ਵਿਚ ਇਥੇ ਭੀੜ ਲੱਗਦੀ ਹੈ, ਪਰ ਭੀੜ ਨੂੰ ਦੇਖ ਕੇ ਪਰਚੀਆਂ ਕੱਟਣ ਵਾਲੇ ਕਾਊਂਟਰਾਂ ਵਿਚ ਵਾਧਾ ਨਹੀਂ ਕੀਤਾ ਗਿਆ, ਜਿਸ ਕਰਕੇ ਲੋਕਾਂ ਨੂੰ ਲੰਬੀ ਜੱਦੋ—ਜ਼ਹਿਦ ਕਰਨ ਉਪਰੰਤ ਪਰਚੀ ਪ੍ਰਾਪਤ ਹੁੰਦੀ ਹੈ। ਹਸਪਤਾਲ ਪੁੱਜਣ ਤੇ ਇਹ ਵੀ ਸਾਹਮਣੇ ਆਇਆ ਕਿ ਸਰਕਾਰੀ ਹਸਪਤਾਲ ਹੋਣ ਕਰਕੇ ਅਕਸਰ ਹੀ ਡਾਕਟਰ ਛੁੱਟੀ ਲੈ ਜਾਂਦੇ ਹਨ ਜਾਂ ਸਰਕਾਰੀ ਕੰਮ ਲਈ ਇਧਰ—ਉਧਰ ਜਾਂਦੇ ਹਨ, ਜਿਸ ਕਰਕੇ ਹਸਪਤਾਲ ਵਿਚ ਡਾਕਟਰ ਨਾ ਹੋਣ ਦੀ ਸੂਰਤ ਵਿਚ ਲੋਕਾਂ ਨੂੰ ਇਲਾਜ ਦੀ ਸਹੂਲਤ ਨਹੀਂ ਮਿਲਦੀ, ਜਿਸ ਕਰਕੇ ਪ੍ਰੇਸ਼ਾਨ ਹੋਏ ਲੋਕ ਅਗਲੇ ਦਿਨ ਆਉਣ ਲਈ ਮਜ਼ਬੂਰ ਹੁੰਦੇ ਹਨ।

ਹਸਪਤਾਲ ਪੁੱਜਣ ਤੇ ਦੇਖਿਆ ਕਿ ਟੀ.ਬੀ ਰੋਗਾਂ ਦੀ ਮਾਹਿਰ ਡਾਕਟਰ ਸਤਿੰਕਰ ਕੌਰ, ਅਪ੍ਰੇਸ਼ਨਾਂ ਦੇ ਮਾਹਿਰ ਡਾਕਟਰ ਨਵਰੋਜਪ੍ਰੀਤ ਸਿੰਘ ਛੁੱਟੀ ਪਰ ਸਨ, ਜਦੋਂ ਕਿ ਡਾਕਟਰ ਨਿਖਿਲ ਗੁਪਤਾ, ਡਾਕਟਰ ਈਸ਼ਾ, ਡਾ: ਹਰਪ੍ਰੀਤ ਬੱਚਿਆਂ ਦੇ ਮਾਹਿਰ, ਡਾਕਟਰ ਯੁਗਪ੍ਰੀਤ ਸਿੰਘ ਹੱਡੀਆਂ ਅਤੇ ਜ਼ੋੜਾਂ ਦੇ ਮਾਹਿਰ, ਡਾਕਟਰ ਪੰਕਜ ਗੁਪਤਾ ਦੰਦਾਂ ਦੇ ਮਾਹਿਰ, ਡਾਕਟਰ ਤੁਸ਼ਟੀ ਮੈਡੀਸਨ ਦੇ ਮਾਹਿਰ, ਡਾਕਟਰ ਨਵੀਨ ਸੇਠੀ ਚਮੜੀ ਰੋਗਾਂ ਦੇ ਮਾਹਿਰ, ਡਾਕਟਰ ਰਾਜਨ ਮਿੱਤਲ ਰੇਡੀਓਲੋਜੀ ਦੇ ਮਾਹਿਰ, ਡਾਕਟਰ ਨਵਦੀਪ ਸੋਈ ਮਨੋਵਿਦਿਆਨ ਦੇ ਮਾਹਿਰ, ਡਾਕਟਰ ਪੂਜਾ ਜਨਾਨਾ ਰੋਗਾਂ ਦੇ ਮਾਹਿਰ, ਡਾਕਟਰ ਰਚਨਾ ਮਿੱਤਲ ਮਨੋਵਿਗਿਆਨ ਦੇ ਮਾਹਿਰ, ਡਾਕਟਰ ਰਿਚਾ ਧਵਨ ਜਨਾਨਾ ਰੋਗਾਂ ਦੇ ਮਾਹਿਰ, ਡਾਕਟਰ ਹਿਮਾਨੀ ਸ਼ਰਮਾ ਨੱਕ, ਕੰਨ, ਗਲੇ ਦੇ ਮਾਹਿਰ, ਡਾਕਟਰ ਵਿਸ਼ਾਲ ਬਜਾਜ ਬੇਹੋਸ਼ੀ ਦੇ ਮਾਹਿਰ, ਡਾਕਟਰ ਜਤਿੰਦਰ ਕੋਛੜ ਮੈਡੀਸਨ ਦੇ ਮਾਹਿਰ, ਡਾਕਟਰ ਸਤਿੰਦਰ ਕੌਰ ਛਾਤੀ ਰੋਗਾਂ ਦੇ ਮਾਹਿਰ, ਡਾਕਟਰ ਨਵਰੋਜਪ੍ਰੀਤ ਸਿੰਘ ਐਸ.ਐਸ ਜਨਰਲ ਸਰਜਨ, ਡਾਕਟਰ ਆਂਚਲ ਨੰਦਰਾਯੋਗ ਐਮ.ਐਸ ਗਾਇਨੀ, ਡਾਕਟਰ ਦਿਸ਼ਵਿਨ ਬਾਜਵਾ ਪੋਥੋਲੋਜੀ ਦੇ ਮਾਹਿਰ ਸਾਰੇ ਡਾਕਟਰ ਆਪਣੀ ਡਿਊਟੀ ਨਿਭਾਅ ਰਹੇ ਹਨ।

> ☛ ਹਸਪਤਾਲ ਵਿਚ ਇਲਾਜ ਕਰਵਾਉਣ ਲਈ ਮਰੀਜ ਨੂੰ ਦੋ ਤੋਂ ਤਿੰਨ ਦਿਨ ਕਰਨੇ ਪੈਂਦੇ ਨੇ ਖਰਾਬ ☛ ਸਰਕਾਰੀ ਸਹੂਲਤਾਂ ਤੋਂ ਵਾਂਝਾ ਸਿਵਲ ਹਸਪਤਾਲ ਫਿਰੋਜ਼ਪੁਰ ਇਕ ਨਮੂਨਾ ਬਣ ਕੇ ਰਹਿ ਗਿਆ—ਸਮਾਜ ਸੇਵੀ

ਆਵਾਜ਼ਿ ਕੌਮ AWAZE QAUM International Newspaper & WEB TV

ਪਰਚੀਆਂ ਕਟਵਾ ਰਹੇ ਲੋਕਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਰਚੀ ਕਟਵਾਉਣ ਲਈ ਤੜਕੇ ਆਉਣਾ ਪੈਂਦਾ ਹੈ, ਕਿਉਂਕਿ ਪਰਚੀ ਸਵੇਰੇ 8 ਵਜੇ ਤੋਂ ਸ਼ੁਰੂ ਹੁੰਦੀ ਹੈ ਅਤੇ ਔਰਤਾਂ—ਮਰਦਾਂ ਦੇ ਦੋ ਕਾਊਂਟਰ ਹੋਣ ਕਰਕੇ ਲਾਈਨ ਵਿਚ ਲੰਬਾ ਸਮਾਂ ਪਰਚੀ ਕਟਵਾਉਣ ਦੀ ਉਡੀਕ ਕਰਨੀ ਪੈਂਦੀ ਹੈ ਅਤੇ ਲੰਬੇ ਜੱਦੋ—ਜਹਿਦ ਬਾਅਦ ਪ੍ਰਾਪਤ ਹੁੰਦੀ ਪਰਚੀ ਇਉ ਮਹਿਸੂਸ ਹੁੰਦੀ ਹੈ ਕਿ ਪਰਚੀ ਨਾ ਹੋਈ ਲਾਟਰੀ ਪਾਈ ਅਤੇ ਇਹ ਲਾਟਰੀ ਵੀ ਤਾਂ ਹੀ ਨਿਕਲਦੀ ਹੈ, ਜੇਕਰ ਡਾਕਟਰ ਸੀਟ ਤੇ ਹਾਜ਼ਰ ਹੋਵੇ, ਨਹੀਂ ਤਾਂ ਅਕਸਰ ਹੀ ਡਾਕਟਰ ਛੁੱਟੀ ਤੇ ਹਨ, ਮੀਟਿੰਗ ਵਿਚ ਹਨ, ਤਰੀਕ ਤੇ ਹਨ ਜਾਂ ਫਿਰ ਅਪ੍ਰੇਸ਼ਨ ਕਰ ਰਹੇ ਹਨ ਦੇ ਬੋਲ ਸੁਣ ਕੇ ਕਮਰੇ ਦੇ ਬਾਹਰ ਉਡੀਕਣਾ ਪੈਂਦਾ ਹੈ।

ਇਸ ਮੌਕੇ ਤੇ ਐਸ.ਐਮ.ਓ ਡਾਕਟਰ ਨਿਖਿਲ ਗੁਪਤਾ ਨੇ ਕਿਹਾ ਕਿ ਹਸਪਤਾਲ ਵਿਚ ਤਾਇਨਾਤ ਡਾਕਟਰਾਂ ਵੱਲੋਂ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਈ ਜਾ ਰਹੀ ਹੈ ਅਤੇ ਇਲਾਜ ਲਈ ਆਉਂਦੇ ਮਰੀਜਾਂ ਦਾ ਇਲਾਜ ਕਰਨ ਦੇ ਨਾਲ—ਨਾਲ ਉਨ੍ਹਾਂ ਦੇ ਆਸ਼ਰਿਤਾਂ ਨੂੰ ਵਧੀਆ ਤਰੀਕੇ ਨਾਲ ਸਮਝਾਇਆ ਜਾਂਦਾ ਹੈ। ਹਸਪਤਾਲ ਦੇ ਸੀਵਰੇਜ਼ ਦਾ ਸਿਸਟਮ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਲੰਬੇ ਸਮੇਂ ਤੋਂ ਚੱਲ ਰਿਹਾ ਹੈ, ਜਿਸ ਬਾਰੇ ਅਸੀਂ ਅਨੇਕਾਂ ਵਾਰ ਸਰਕਾਰ ਨੂੰ ਲਿਖ ਚੁੱਕੇ ਹਾਂ। ਉਨ੍ਹਾਂ ਸਪੱਸ਼ਟ ਕੀਤਾ ਕਿ ਹਸਪਤਾਲ ਵਿਚ ਡਾਕਟਰਾਂ ਸਮੇਤ ਸਟਾਫ ਨਰਸਾਂ ਦੀ ਵੀ ਘਾਟ ਚੱਲ ਰਹੀ ਹੈ, ਜਿਸ ਬਾਰੇ ਲਿਖਾ—ਪੜ੍ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਦੇ ਪ੍ਰਬੰਧਾਂ ਨੂੰ ਸੁਚਾਰੂ ਚਲਾਉਣ ਲਈ ਸਕਿਉਰਟੀ ਦੀ ਜ਼ਰੂਰਤ ਹੁੰਦੀ ਹੈ, ਉਹ ਵੀ ਨਹੀਂ ਹੈ ਅਤੇ ਹਸਪਤਾਲ ਵਿਚ ਸੀ.ਸੀ.ਟੀ.ਵੀ ਕੈਮਰਿਆਂ ਦੀ ਵੀ ਘਾਟ ਹੈ, ਜਿਸ ਕਰਕੇ ਨੌਕਰੀ ਕਰਦੇ ਸਟਾਫ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਸਪਤਾਲ ਵਿਚ ਚੋਰੀ ਹੁੰਦੇ ਵਹੀਕਲਾਂ ਦਾ ਜਿਕਰ ਕਰਦਿਆਂ ਾਕਅਰਰ ਨਿਖਿਲ ਗੁਪਤਾ ਨੇ ਕਿਹਾ ਕਿ ਦੋ ਵਾਰ ਸਾਈਕਲ ਸਟੈਂਡ ਦਾ ਠੇਕਾ ਹੋਇਆ ਹੈ, ਪਰ ਠੇਕਾ ਲੈਣ ਲਈ ਕੋਈ ਤਿਆਰ ਹਨ। ਉਨ੍ਹਾਂ ਪੰਜਾਬ ਸਰਕਾਰ ਅਤੇ ਹੈਲਥ ਮਹਿਕਮੇ ਨੂੰ ਅਪੀਲ ਕੀਤੀ ਕਿ ਇਨ੍ਹਾਂ ਮੰਗਾਂ ਵੱਲ ਤੁਰੰਤ ਧਿਆਨ ਦਿੱਤਾ ਜਾਵੇ।

ਪਰਚੀਆਂ ਕਟਵਾਉਣ ਲਈ ਲਾਈਨਾਂ ਵਿਚ ਲੱਗੇ ਲੋਕਾਂ ਨੇ ਕਿਹਾ ਕਿ ਜੇਕਰ ਲੰਬੀ ਮਗਜਮਾਰੀ ਕਰਕੇ ਪਰਚੀ ਕਟਵਾ ਵੀ ਲਈ ਜਾਂਦੀ ਹੈ ਤਾਂ ਡਾਕਟਰ ਦੇ ਬਾਰ ਮੂਹਰੇ ਲਾਈਨ ਲਗਾ ਕੇ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ ਅਤੇ ਇਸੀ ਤਰ੍ਹਾਂ ਟੈਸਟ ਕਰਵਾਉਣ ਲਈ ਲਾਈਨਾਂ ਵਿਚ ਲੱਗਣਾ ਪੈਂਦਾ ਹੈ ਅਤੇ ਫਿਰ ਰਿਪੋਰਟ ਲੈਣ ਲਈ ਲਾਈਨ ਵਿਚ ਲੱਗਣਾ ਪੈਂਦਾ ਹੈ। ਗੱਲਬਾਤ ਕਰਦਿਆਂ ਲੋਕਾਂ ਨੇ ਕਿਹਾ ਕਿ ਡਾਕਟਰ ਤੋਂ ਚੈਕਅਪ ਕਰਵਾਉਣ ਉਪਰੰਤ ਦਵਾਈ ਮਿਲੇ ਨਾ ਮਿਲੇ ਡਾਕਟਰ ਵੱਲੋਂ ਲਿਖੀ ਦਵਾਈ ਪ੍ਰਾਪਤ ਕਰਨ ਲਈ ਲਾਈਨਾਂ ਵਿਚ ਲੱਗਣਾ ਪੈਂਦਾ ਹੈ ਅਤੇ ਫਿਰ ਦਵਾਈ ਦਿਖਾਉਣ ਲਈ ਡਾਕਟਰ ਪਾਸ ਜਾਣਾ ਪੈਂਦਾ ਹੈ ਅਤੇ ਜੇਕਰ ਦਵਾਈ ਹਸਪਤਾਲ ਵਿਚੋਂ ਨਾ ਮਿਲੇ ਤਾਂ ਮਹਿੰਗੇ ਭਾਅ ਦੀ ਬਾਹਰੋਂ ਖਰੀਦਣੀ ਪੈਂਦੀ ਹੈ। ਰੋਹ ਜ਼ਾਹਿਰ ਕਰਦਿਆਂ ਲੋਕਾਂ ਨੇ ਕਿਹਾ ਕਿ ਸਿਵਲ ਹਸਪਤਾਲ ਵਿਚ ਇਲਾਜ ਕਰਵਾਉਣ ਜਿੰਨੀ ਮੁਸ਼ਕਿਲ ਹੈ, ਉਨਾ ਮੁਸ਼ਕਿਲ ਡਾਕਟਰ ਦੀ ਕਨਸੈਂਟ ਬਾਅਦ ਟੈਸਟ ਕਰਵਾਉਣ ਅਤੇ ਟੈਸਟ ਲੈਣ ਉਪਰੰਤ ਡਾਕਟਰ ਨੂੰ ਚੈਕ ਕਰਵਾਉਣਾ, ਕਿਉਂਕਿ ਰਿਪੋਰਟਾਂ ਦੋ ਵਜੇ ਤੋਂ ਬਾਅਦ ਮਿਲਦੀਆਂ ਹਨ ਅਤੇ ਉਸ ਸਮੇਂ ਡਾਕਟਰ ਨਹੀਂ ਹੁੰਦੇ, ਜਿਸ ਕਰਕੇ ਰਿਪੋਰਟ ਦਿਖਾਉਣ ਲਈ ਅਗਲਾ ਦਿਨ ਖਰਾਬ ਕਰਨਾ ਪੈਂਦਾ ਹੈ। ਗੱਲਬਾਤ ਕਰਦਿਆਂ ਲੋਕਾਂ ਨੇ ਕਿਹਾ ਕਿ ਸਰਕਾਰੀ ਹਸਪਤਾਲ ਤੋਂ ਦਵਾਈ ਪ੍ਰਾਪਤ ਕਰਨ ਦਾ ਮਤਲਬ ਦੋ ਤੋਂ ਤਿੰਨ ਦਿਨ ਖਰਾਬ ਕਰਨਾ, ਜਿਸ ਕਰਕੇ ਮਜ਼ਬੂਰਨ ਲੋਕਾਂ ਨੂੰ ਪ੍ਰਾਈਵੇਟ ਕਲੀਨਿਕਾਂ ਤੇ ਪਹੁੰਚ ਕਰਨੀ ਪੈਂਦੀ ਹੈ, ਜਿਸ ਨਾਲ ਮੋਟੀਆਂ ਰਕਮਾਂ ਅਦਾ ਕਰਨੀਆਂ ਪੈਂਦੀਆਂ ਹਨ, ਪਰ ਪ੍ਰੇਸ਼ਾਨੀ ਤੋਂ ਮੁਕਤੀ ਮਿਲ ਜਾਂਦੀ ਹੈ। ਗੱਲਬਾਤ ਕਰਦਿਆਂ ਪੀ.ਸੀ ਕੁਮਾਰ ਸਮਾਜ ਸੇਵੀ ਨੇ ਦੱਸਿਆ ਕਿ ਸਰਕਾਰ ਵੱਲੋਂ ਮੁਹੱਲਾ ਕਲੀਨਿਕ ਤਾਂ ਉਸਾਰੇ ਹਨ, ਪਰ ਸਰਕਾਰੀ ਤੰਤਰ ਹੋਣ ਕਰਕੇ ਲੋਕਾਂ ਦਾ ਵਿਸਵਾਸ਼ ਕਾਇਮ ਹੋਣ ਵਿਚ ਥੋੜ੍ਹਾ ਸਮਾਂ ਲੱਗੇਗਾ, ਕਿਉਂਕਿ ਸਰਕਾਰੀ ਡਾਕਟਰ ਤੋਂ ਦਵਾਈ ਲੈਣ ਲਈ ਵਿਅਕਤੀ ਨੂੰ ਦੋ ਤੋਂ ਤਿੰਨ ਦਿਨ ਮਗਜਮਾਰੀ ਕਰਨੀ ਪੈਂਦੀ ਹੈ, ਜਿਸ ਤੋਂ ਪ੍ਰੇਸ਼ਾਨ ਹੋ ਕੇ ਲੋਕ ਪ੍ਰਾਈਵੇਟ ਕਲੀਨਿਕਾਂ ਤੋਂ ਦਵਾਈ ਲੈਣਾ ਮੁਨਾਸਿਬ ਸਮਝਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਦੇਖਿਆ ਜਾਵੇ ਤਾਂ ਪੰਜਾਬ ਦੇ 60 ਤੋਂ 70 ਫੀਸਦੀ ਲੋਕ ਪ੍ਰਾਈਵੇਟ ਡਾਕਟਰਾਂ ਤੋਂ ਇਲਾਜ ਕਰਵਾਉਣ ਲਈ ਮਜ਼ਬੂਰ ਹਨ ਅਤੇ ਭਵਿੱਖ ਵਿਚ ਇਹ ਗਿਣਤੀ ਵਧਣ ਦੇ ਆਸਾਰ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਹੋਰਨਾਂ ਮੁਫਤ ਦੀਆਂ ਸਹੂਲਤਾਂ ਦੇਣ ਦੀ ਬਜਾਏ ਸਿਹਤ ਸਹੂਲਤਾਂ ਮੁਫਤ ਜਾਰੀ ਕਰੇ, ਜਿਸ ਨਾਲ ਪੰਜਾਬ ਵਾਸੀ ਲੁੱਡੀਆਂ ਪਾਉਂਦੇ ਨਜ਼ਰੀ ਪੈਣਗੇ। ਉਨ੍ਹਾਂ ਕਿਹਾ ਕਿ ਡਾਕਟਰਾਂ ਦੀਆਂ ਡਿਊਟੀਆਂ ਸਕੂਲਾਂ ਵਿਚ ਲਾਈਆਂ ਜਾਣ ਤਾਂ ਜ਼ੋ ਸਕੂਲੀ ਵਿਦਿਆਰਥੀਆਂ ਨੂੰ ਮੈਡੀਕਲ ਸਹੂਲਤ ਮਿਲ ਸਕੇ।

# ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਵਿਰੁੱਧ ਕਿਸਾਨਾਂ ਕੱਢੀ ਭੜਾਸ

**ਫਿਰੋਜ਼ਪੁਰ, 4 ਮਾਰਚ (ਮਨੋਹਰ ਲਾਲ) :—** ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵਿਰੁੱਧ ਆਪਣੀ ਭੜਾਸ ਕੱਢਦਿਆਂ ਜਿਲ੍ਹਾ ਪ੍ਰਧਾਨ ਜਗੀਰ ਸਿੰਘ ਖਹਿਰਾ ਅਤੇ ਜਿਲ੍ਹਾ ਜਨਰਲ ਸਕੱਤਰ ਗੁਲਜਾਰ ਸਿੰਘ ਕੱਬਰਵੱਛਾ ਨੇ ਦੱਸਿਆ ਕਿ ਬੁਖਲਾਹਟ ਵਿਚ ਆਈ ਪੁਲਿਸ ਤੜਕੇ ਚਾਰ

ਆਵਾਜ਼ਿ ਕੌਮ AWAZE QAUM International Newspaper & WEB TV




ਵਜੇ ਤੋਂ ਕਿਸਾਨ ਆਗੂਆਂ ਅਤੇ ਵਰਕਰਾਂ ਦੇ ਘਰਾਂ ਵਿਚ ਛਾਪੇਮਾਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਛਾਪੇਮਾਰੀ ਕਰਕੇ ਪੁਲਿਸ ਵੱਲੋਂ ਸੈਂਕੜੇ ਕਿਸਾਨ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫਤਾਰ ਕਰਕੇ ਥਾਣਿਆਂ ਵਿਚ ਬੰਦ ਕਰ ਦਿੱਤਾ ਹੈ ਤਾਂ ਜ਼ੋ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਧਰਨੇ ਵਿਚ ਨਾ ਪਹੁੰਚ ਸਕਣ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਖੇ 5 ਮਾਰਚ ਤੋਂ 12 ਮਾਰਚ ਤੱਕ ਕਿਸਾਨਾਂ ਵੱਲੋਂ ਧਰਨਾ ਲਾਇਆ ਜਾਣਾ ਹੈ ਅਤੇ ਇਸ ਧਰਨੇ ਵਿਚ ਸ਼ਮੂਲੀਅਤ ਕਰਨ ਲਈ ਕਿਸਾ ਨਜਾ ਰਹੇ ਸਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਸੰਯੁਕਤ ਕਿਸਾਨ ਮੋਰਚੇ ਦੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਤੋਂ ਬਾਅਦ ਸਰਕਾਰ ਦੇ ਅੜੀਅਲ ਰਵਈਆ ਅੱਜ ਵੇਖਣ ਨੂੰ ਮਿਲਿਆ। ਇਹ ਸਾਰੇ ਘਟਨਾਕ੍ਰਮ ਦੀ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਜਿਲ੍ਹਾ ਫਿਰੋਜ਼ਪੁਰ ਵੱਲੋਂ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਜਾਂਦੀ ਹੈ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਾਡੇ ਗ੍ਰਿਫਤਾਰ ਕੀਤੇ ਸਾਥੀਆਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਨਾ ਕੀਤਾ ਤਾਂ ਕੱਲ ਨੂੰ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੀ ਹੋਵੇਗੀ।

# ਅਰਦਾਸ ਬਦਲਣ ਦੀ ਘਿਨਾਉਣੀ ਹਰਕਤ ਕਰਨ ਵਾਲੇ ਅਨਸਰਾਂ ਅਤੇ ਪ੍ਰਬੰਧਕਾਂ ਨੂੰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਕਰੇ ਤਲਬ - ਜਥੇਦਾਰ ਦਾਦੂਵਾਲ



**ਸਿਰਸਾ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਗੁਰਬਾਣੀ ਦੀ ਤੁਕ ਬਦਲਣ ਤੇ ਗੁਰੂ ਹਰਿ ਰਾਏ ਸਾਹਿਬ ਜੀ ਨੇ ਆਪਣੇ ਪੁੱਤਰ ਰਾਮ ਰਾਏ ਨੂੰ ਆਪਣੇ ਮੱਥੇ ਨਹੀਂ ਸੀ ਲਾਇਆ ਪਰ ਇੱਥੇ ਦਸਮੇਸ਼ ਪਿਤਾ ਦੀ ਬਾਣੀ ਅਰਦਾਸ ਨੂੰ ਹੀ ਬਦਲ ਕੇ ਰੱਖ ਦਿੱਤਾ ਗਿਆ ਐਸੀ ਘਿਨਾਉਣੀ ਹਰਕਤ ਕਰਨ ਵਾਲੇ ਸ਼ਰਾਰਤੀ ਅਨਸ਼ਰ ਅਤੇ ਗੁਰਦੁਆਰਾ ਸਾਹਿਬ ਇੰਦਰਲੋਕ ਦਿੱਲੀ ਦੇ ਪ੍ਰਬੰਧਕਾਂ ਨੂੰ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਵਲੋਂ ਤਲਬ ਕਰਕੇ ਸਖ਼ਤ ਸਜ਼ਾ ਸੁਣਾਈ ਜਾਵੇ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਲਿਖਤੀ ਪ੍ਰੈਸਨੋਟ ਜਾਰੀ ਕਰਦਿਆਂ ਮੀਡੀਆ ਨਾਲ ਕੀਤਾ ਜਥੇਦਾਰ ਦਾਦੂਵਾਲ ਨੇ ਕਿਹਾ ਕੇ ਅਜਿਹੇ ਸ਼ਰਾਰਤੀ ਅਨਸ਼ਰ ਕਦੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਕਦੇ ਦਸਵੇਂ ਪਾਤਸ਼ਾਹ ਦੀ ਬਾਣੀ ਤੇ ਕਿੰਤੂ ਪ੍ਰੰਤੂ ਕਰਦੇ ਰਹਿੰਦੇ ਹਨ ਜੋ ਕੇ ਅਤਿ ਨਿੰਦਣਯੋਗ ਹੈ ਅਜਿਹੇ ਵਿਅਕਤੀਆਂ ਨੂੰ ਜਾਂ ਤਾਂ ਖੁਦ ਸ਼੍ਰੀ ਅਕਾਲ ਤਖਤ ਸਾਹਿਬ ਤੇ ਹਾਜ਼ਰ ਹੋ ਕੇ ਆਪਣੀਆਂ ਗਲਤੀਆਂ ਦਾ ਪਸ਼ਚਾਤਾਪ ਕਰਦੇ ਹੋਏ ਖ਼ਿਮਾ ਜਾਚਨਾ ਕਰਨੀ ਚਾਹੀਦੀ ਹੈ ਨਹੀਂ ਤਾਂ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਇਨਾਂ ਨੂੰ ਅਕਾਲ ਤਖਤ ਸਾਹਿਬ ਤੇ ਤਲਬ ਕਰਕੇ ਸਖਤ ਸਜ਼ਾ ਸੁਣਾਉਣੀ ਚਾਹੀਦੀ ਹੈ ਤਾਂ ਕਿ ਅੱਗੇ ਤੋਂ ਕੋਈ ਅਜਿਹੀ ਘਿਨਾਉਣੀ ਹਰਕਤ ਨਾ ਕਰ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

# ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਵੱਲੋਂ ਆਈਲੈਟਸ ਅਤੇ ਕੰਨਸਲਟੈਂਸੀ ਦਾ ਲਾਇਸੰਸ ਰੱਦ

**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਸੰਦੀਪ ਰਿਸ਼ੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋ ਜਾਰੀ ਕੀਤੇ ਗਏ ਪੰਜਾਬ ਮਨੁੱਖੀ ਤਸਕਰੀ ਰੋਕੂ ਐਕਟ 2012 ਅਧੀਨ ਜਾਰੀ ਪੰਜਾਬ ਮਨੁੱਖੀ ਤਸ਼ਕਰੀ ਨਿਯਮ 2013 (ਸੋਧਿਆ ਨਾਮ ਟਰਵਲ ਪ੍ਰੋਫੈਸ਼ਨਲ ਰੈਗੂਲੇਸ਼ਨ) ਦੇ ਤਹਿਤ “M/s Dream Achievers Academy, Shop No.101, Banasar Enclave, Sangrur ਦੇ ਨਾਮ ਸ੍ਰੀ ਸਾਨੂੰ ਪੁੱਤਰ ਰਾਕੇਸ਼ ਕੁਮਾਰ ਵਾਸੀ ਪਾਦਿਆਂ ਵਾਲੀ ਗਲੀ ਧੂਰੀ ਗੇਟ, ਸੰਗਰੂਰ ਅਤੇ ਸ੍ਰੀ ਮਿੱਤਰਪਾਲ ਸਿੰਘ ਸੰਧੂ ਪੁੱਤਰ ਹਰਭਜਨ ਸਿੰਘ ਵਾਸੀ ਚੋਂਕੇ ਕੋਠੇ, ਪਿੰਡ ਮੰਗਵਾਲ ਜ਼ਿਲ੍ਹਾ ਸੰਗਰੂਰ ਨੂੰ ਆਈਲੈਟਸ ਅਤੇ ਕੰਨਸਲਟੈਂਸੀ ਲਾਇਸੰਸ ਨੰਬਰ 93/ਡੀ.ਸੀ/ਐਮ.ਏ/ਸੰਗਰੂਰ/ 2019 ਜਾਰੀ ਕੀਤਾ ਗਿਆ ਸੀ ਜਿਸ ਦੀ ਮਿਆਦ 14/07/2024 ਤੱਕ ਸੀ। ਉਨ੍ਹਾਂ ਦੱਸਿਆ ਕਿ ਪ੍ਰਾਰਥੀ ਵੱਲੋਂ ਲਿਖਤੀ ਦਰਖਾਸਤ ਪੇਸ਼ ਕੀਤੀ ਗਈ ਸੀ ਕਿ ਹੁਣ ਓਹਨਾਂ ਦਾ ਇਹ ਲਾਇਸੰਸ ਕੈਂਸਲ ਕੀਤਾ ਜਾਵੇ ਜੀ। ਇਸ ਸਬੰਧੀ ਉਹਨਾਂ ਵੱਲੋਂ ਬਿਆਨ ਹਲਫੀਆ ਵੀ ਦਿੱਤਾ ਹੈ ਕਿ ਉਹਨਾਂ ਦਾ ਲਾਇਸੰਸ ਕੈਂਸਲ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੇਗੂਲੇਸ਼ਨ ਐਕਟ ਤਹਿਤ ਬਣੇ ਰੂਲਜ਼ ਦੇ ਸੈਕਸ਼ਨ 8 (1) ਵਿੱਚ ਦਰਜ ਉਪਬੰਧ ਅਨੁਸਾਰ ਪ੍ਰਾਰਥੀ ਦਾ ਲਾਇਸੰਸ ਰੱਦ ਕੀਤਾ ਜਾ ਸਕਦਾ ਹੈ। ਇਸ ਲਈ ਪ੍ਰਾਰਥੀ ਵੱਲੋਂ ਪ੍ਰਾਪਤ ਹੋਈ ਪ੍ਰਤੀ ਬੇਨਤੀ ਅਤੇ ਉਪਰੋਕਤ ਪ੍ਰਸਥਿਤੀਆਂ ਦੇ ਮੱਦੇਨਜ਼ਰ “M/s Dream Achievers Academy, Shop No.101, Banasar Enclave, Sangrur ਦੇ ਨਾਮ ਤੇ ਸ੍ਰੀ ਸਾਨੂੰ ਪੁੱਤਰ ਰਾਕੇਸ਼ ਕੁਮਾਰ ਵਾਸੀ ਪਾਦਿਆਂ ਵਾਲੀ ਗਲੀ ਧੂਰੀ ਗੇਟ, ਸੰਗਰੂਰ ਅਤੇ ਸ੍ਰੀ ਮਿੱਤਰਪਾਲ ਸਿੰਘ ਸੰਧੂ ਪੁੱਤਰ ਹਰਭਜਨ ਸਿੰਘ ਵਾਸੀ ਚੋਂਕੇ ਕੋਠੇ, ਪਿੰਡ ਮੰਗਵਾਲ ਜ਼ਿਲ੍ਹਾ ਸੰਗਰੂਰ ਨੂੰ ਜਾਰੀ ਕੀਤਾ ਗਿਆ ਆਈਲੈਟਸ ਅਤੇ ਕੰਨਸਲਟੈਂਸੀ ਲਾਇਸੰਸ ਨੰਬਰ 93/ਡੀ.ਸੀ/ਐਮ.ਏ/ਸੰਗਰੂਰ/ 2019, ਪ੍ਰੋਫੈਸਨਲ ਰੇਗੂਲੇਸ਼ਨ ਦੇ ਸੈਕਸ਼ਨ 8(1) ਤਹਿਤ ਤੁਰੰਤ ਪ੍ਰਭਾਵ ਤੋਂ ਰੱਦ ਕੀਤਾ ਜਾਂਦਾ ਹੈ। ਇਸ ਆਈਲੈਟਸ ਦੇ ਲਾਇਸੰਸ ਨਾਲ ਸਬੰਧਤ ਦੇ ਖਿਲਾਫ ਕੋਈ ਸ਼ਿਕਾਇਤ/ਕੇਸ ਹੋਵੇਗਾ ਤਾਂ ਇਸ ਸਬੰਧੀ ਸ੍ਰੀ ਸਾਨੂੰ ਪੁੱਤਰ ਰਾਕੇਸ਼ ਕੁਮਾਰ ਵਾਸੀ ਪਾਦਿਆਂ ਵਾਲੀ ਗਲੀ ਧੂਰੀ ਗੇਟ, ਸੰਗਰੂਰ ਅਤੇ ਮਿੱਤਰਪਾਲ ਸਿੰਘ ਸੰਧੂ ਪੁੱਤਰ ਹਰਭਜਨ ਸਿੰਘ ਵਾਸੀ ਚੋਂਕੇ ਕੋਠੇ, ਪਿੰਡ ਮੰਗਵਾਲ ਜ਼ਿਲ੍ਹਾ ਸੰਗਰੂਰ ਇਸ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਲਾਏ ਮੁਫਤ ਮੈਡੀਕਲ ਕੈਂਪ

ਫਿਰੋਜ਼ਪੁਰ, 4 ਮਾਰਚ (ਮਨੋਹਰ ਲਾਲ) :— ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਫਿਰੋਜ਼ਪੁਰ ਵੱਲੋਂ ਬੀਤੇ ਦਿਨ ਆਪਣੇ ਵੱਲੋਂ ਚਲਾਏ ਜਾ ਰਹੇ ਲੋਕ ਭਲਾਈ ਕੰਮਾਂ ਨੂੰ ਜਾਰੀ ਰੱਖਦੇ ਹੋਏ ਗਿਲਕੋ ਕਲੋਨੀ ਤੇ ਡਾਕਟਰ ਅਨਿਲ ਬਾਗੀ ਪਾਰਕ ਫਿਰੋਜ਼ਪੁਰ ਵਿਖੇ ਦੀਵਾਨ ਚੰਦ ਸੁਖੀਜਾ ਚੇਅਰਮੈਨ ਦੀ ਅਗਵਾਈ ਹੇਠ ਮੁਫਤ ਮੈਡੀਕਲ ਕੈਂਪ ਲਾਏ। ਇਸ ਮੌਕੇ ਮਰੀਜਾਂ ਦਾ ਸ਼ੂਗਰ, ਬਲੱਡ ਪ੍ਰੈਸ਼ਰ ਤੇ ਮੁਫਤ ਮੈਡੀਕਲ ਚੈਕਅਪ ਕੀਤਾ ਗਿਆ ਅਤੇ ਲੋੜਵੰਦ ਮਰੀਜਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਮਾਜ ਸੇਵੀ ਸੰਸਥਾ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਭਵਿੱਖ ਵਿਚ ਵੀ ਅਜਿਹੇ ਸਮਾਜ ਭਲਾਈ ਦੇ ਕੰਮ ਜਾਰੀ ਰਹਿਣਗੇ ਤਾਂ ਜ਼ੋ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਣ। ਇਸ ਤੋਂ ਪਹਿਲਾਂ ਮਾਸਟਰ ਅੰਬ ਸਿੰਘ ਨੇ ਆਏ ਸੁਸਾਇਟੀ ਦੇ ਮੈਂਬਰਾਂ ਅਤੇ ਮਰੀਜਾਂ ਨੂੰ ਜੀ ਆਇਆ ਆਖਿਆ ਉਪਰੰਤ ਸੁਸਾਇਟੀ ਮੈਂਬਰਾਂ ਵੱਲੋਂ ਮਾਸਟਰ ਅੰਬ ਸਿੰਘ ਦਾ ਸਹਿਯੋਗ ਦੇਣ ਤੇ ਸਨਮਾਨ ਕੀਤਾ ਗਿਆ। ਇਸ ਸਮੇਂ ਸ਼ਰਨਜੀਤ ਸਿੰਘ ਬੇਦੀ, ਮੈਡਮ ਪੁਸ਼ਪਲਤਾ, ਸੁਰਜੀਤ ਕੌਰ, ਰੇਨੂੰ ਬਾਲਾ ਆਦਿ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

ਲੈਸਟਰ ਵਿਖੇ

# ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜਾ 2025 ਮਨਾਇਆ ਗਿਆ

## ਇਹ ਉਹੀ ਪੰਜਾਬੀ ਹੈ ਜਿੱਸ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਸ ਅਕਾਲ ਪੁਰਖ ਦੀਆਂ ਸਿਫਤਾਂ ਕੀਤੀਆਂ












**ਲੈਸਟਰ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਅੰਤਰਰਾਸ਼ਟਰੀ ਮਾਂ ਬੋਲੀ ਪੰਜਾਬੀ ਦਿਹਾੜਾ ਪੰਜਾਬੀ ਸਰੋਤਿਆਂ ਦੇ ਕਲੱਬ, ਓਡਬੀ ਪੰਜਾਬੀ ਸਕੂਲ ਅਤੇ ਰਾਮਗੜ੍ਹੀਆ ਪੰਜਾਬੀ ਸਕੂਲ ਦੇ ਸਹਿਯੋਗਾਂ ਨਾਲ ਗੁਰਦਵਾਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਓਡਬੀ ਲੈਸਟਰਸ਼ਹਿਰ ਵਿਖੇ ਸ਼ਰਧਾ ਭਾਵਨਾ ਨਾਲ ਐਤਵਾਰ 2 ਮਾਰਚ 2025 ਨੂੰ 12.30 ਤੋਂ 3.00 ਵਜੇ ਤੱਕ ਮਨਾਇਆ ਗਿਆ ਜਿਸ ਵਿੱਚ ਖਾਸ ਮਹਿਮਾਨਾ, ਕਵੀਆਂ ਅਤੇ ਪੰਜਾਬੀ ਸਕੂਲ ਦੇ ਵਿਦਆਰਥੀਆ ਨੇ ਭਾਗ ਲਿਆ ਅਤੇ ਮਹਾਰਾਜਾ ਚਾਰਲਜ ਵਲੋਂ ਭੇਜੀ ਚਿੱਠੀ ਪੜ੍ਹੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

ਪ੍ਰੋਗਰਾਮ ਦੀ ਅਰੰਭਤਾ ਬੱਚੀ ਜਸਕੀਰਤ ਕੋਰ ਜੀ ਨੇ ਦੋ ਸ਼ਬਦ ਕੀਰਤਨ ਨਾਲ ਕੀਤੀ ਅਤੇ ਜਿਨ੍ਹਾ ਦਾ ਸਾਥ ਗਿਆਨੀ ਦਲਜੀਤ ਸ਼ਿੰਘ ਜੀ ਨੇ ਦਿੱਤਾ। ਜਸਪਾਲ ਸਿੰਘ ਕੰਗ, ਸਿੱਖ ਫੈਡਰੇਸ਼ਨ ਜੀ ਨੇ ਦੱਸਿਆ ਕਿ ਵਿਰਕ ਜੀ ਮਾਂ-ਬੋਲੀ ਪੰਜਾਬੀ ਦੀ ਚੜ੍ਹਦੀ ਕਲਾ ਲਈ ਕੁੱਝ ਦਹਾਕਿਆ ਤੋਂ ਲੈਸਟਰ ਦੇ ਵੱਖ ਵੱਖ ਗੁਰਦਵਾਰਾ ਸਾਹਿਬ, ਜਾਂ ਲਾਇਬਰੇਰੀਜ ਵਿਖੇ ਬਹੁੱਤ ਉਚੇ ਮਿਆਰ ਦੇ ਸਮਾਗਮ ਕਰਾਉਂਦੇ ਆਏ ਰਹੇ ਹਨ। ਫਿਰ ਉਨ੍ਹਾ ਨੇ ਬੱਕਿੰਘੰਮ ਪੈਲਸ ਤੋਂ 13 ਫਰਵਰੀ ਦੀ ਲਿਖੀ ਚਿੱਠੀ ਪੜ੍ਹ ਕੇ ਸੁਣਵਾਈ ਜਿਸ ਵਿੱਚ ਮਹਾਰਾਜਾ ਚਾਰਲਜ ਜੀ ਨੇ ਤਰਲੋਚਨ ਸਿੰਘ ਜੀ ਦਾ ਉਨ੍ਹਾ ਨੂੰ 'ਜਲਦੀ ਠੀਕ ਹੋ ਜਾਓ ' ਕਾਰਡ ਭੇਜਣ ਦਾ ਧੰਨਵਾਦ ਕੀਤਾ ਅਤੇ 2 ਮਾਰਚ ਨੂੰ ਮਾਂ-ਬੋਲੀ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸੱਭ ਨੂੰ ਸ਼ੁੱਭ ਇਸ਼ਾਵਾਂ ਭੇਜੀਆਂ।

ਮਾਤਾ ਗੁਜਰੀ ਲਾਇਬਰੇਰੀ, ਗੁਰੂ ਤੇਗ ਬਹਾਦਰ ਗੁਰਦਵਾਰਾ ਵਿਖੇ ਸੇਵਾਦਾਰ ਸਰਦਾਰ ਕੇਹਰ ਸਿੰਘ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪ੍ਰਸਿੱਧ ਕਵੀ ਤਰਲੋਚਨ ਸਿੰਘ ਚੰਨ ਜੰਡਿਆਲਵੀ ਜੀ ਦੀ ਲਿਖੀ ਐ ਮਾਂ ਬੋਲੀ ਪੰਜਾਬੀ ਇਹ ਪੇਸ ਕੀਤਾ " ਸ਼ੇਅਰ.....

ਮਾਂ ਬੋਲੀ ਮਾਂਜਨਣੀ ਦਾ
ਜਿਸ ਦਿਲ ਅੰਦਰ ਓਹਿਸਾਨ ਨਹੀ।
ਹੈਵਾਨ ਸ਼ੇਤਾਨ ਤਾਂ ਹੋ ਸਕਦਾ,
ਹੋ ਸਕਦਾ ਚੰਨ ਇਨਸਾਨ ਨਹੀਂ।

**ਗੀਤ**

ਐ ਮਾਂ ਬੋਲੀ ਪੰਜਾਬੀ ਤੇਰੀ ਵਧਦੀ ਸ਼ਾਨ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿ ਚ ਮਾਣ ਰਹੇ।


ਮੇਰੇ ਸੱਚੇ ਧੰਨ ਗੁਰੂ ਨਾਨਕ ਨੇ ਤੇਰੀ ਝੋਲ ਨਗੀਨੇ ਭਰ ਦਿੱਤੇ।
ਮਾਂ ਬੁੱਲੇ ਵਾਰਿਸ ਨੂਰਪੁਰੀ, ਸ਼ਿਵ ਰੁਤਬੇ ਉਚੇ ਕਰ ਦਿੱਤੇ।
ਜੋ ਜੋ ਸੀ ਜਿੰਨੇ ਵੀ ਜੋਗੇ ਸੱਭ ਲਾਉਂਦੇ ਤਾਣ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

ਮੇਰੀ ਅੰਮੀ ਨੇ ਜਦ ਦਿੱਤੀਆਂ ਲੋਰੀਆਂ ਵਿੱਚ ਪੰਜਾਬੀ ਦੇ।
ਅੰਬਰਾਂ ਤੇ ਤਾਰੇ ਉਂਘ ਪਏ ਹੋਏ ਜਾਦੂ ਨੀਂਦ ਗੁਲਾਬੀ ਦੇ।
ਰੱਸ-ਭਿਨੜੇ ਮਿਠੜੇ ਬੋਲਾਂ ਦੀ ਪੈਂਦੀ ਗੂੰਜਾਣ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

ਐਹ ਗਿੱਧੇ ਭੰਗੜੇ ਤੀਆਂ ਦੇ ਵਿੱਚ ਤੇਰੀ ਬੱਲੇ ਬੱਲੇ ਮਾਂ।
ਅੱਜ ਪੂਰਬ ਪੱਛਮ ਉਤਰ ਦੱਖਣ ਤੇਰੇ ਪੁੱਤਰਾਂ ਮੇਲੇ ਮਾਂ।

**(ਬਾਕੀ ਅਗਲੇ ਪੰਨੇ 'ਤੇ)**

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243














ਧੇ ਵਰ ਚੰਨ ਸਪੁੱਤਰਾਂ ਨੂੰ ਤੇਰਾ ਉੱਚਾ ਸਦਾ ਨਿਸ਼ਾਨ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

ਐ ਮਾਂ ਬੋਲੀ ਪੰਜਾਬੀ ਤੇਰੀ ਵੱਧਦੀ ਸ਼ਾਨ ਰਹੇ।
ਤੇਰੀ ਚੜ੍ਹਦੀ ਕਲਾ ਹੋਵੇ ਤੇਰਾ ਜੱਗ ਵਿੱਚ ਮਾਣ ਰਹੇ।

ਕੁਲਵਿੰਦਰ ਕੌਰ ਜੀ ਨੇ ਪ੍ਰਬੰਧਕਾਂ ਨੂੰ ਇਹ ਸਮਾਗਮ ਦੀਆ ਵਧਾਈਆ ਦਿੱਤੀਆਂ ਅਤੇ ਉਨ੍ਹਾ ਨੇ ਬੀਬੀਸੀ ਰੇਡੀਓ ਲੈਸਟਰ ਦੇ ਪੰਜਾਬੀ ਪ੍ਰੋਗਰਾਮ ਪੇਸ਼ਕਾਰਾ। 1992-2012} ਦਾ ਇਹ ਭੇਜਿਆ ਸੁਨੇਹਾ ਸਾਧ ਸੰਗਤ ਜੀ ਨਾਲ ਸਾਂਝਾ ਕੀਤਾ

**“ ਮਾਂ-ਬੋਲੀ ਪੰਜਾਬੀ ਲਈ ਖਾਸ ਪ੍ਰੋਗਰਾਮ**

ਅੱਜ ਦੇ ਪ੍ਰੋਗਰਾਮ ਵਿੱਚ ਤਰਲੋਚਨ ਸਿੰਘ ਜੀ ਵਲੋਂ ਪੰਜਾਬੀ ਜ਼ੁਬਾਨ ਅਤੇ ਸਾਡੇ ਸਾਰਿਆਂ ਦੀ ਮਾਂ-ਬੋਲੀ ਪੰਜਾਬੀ ਲਈ ਕੀਤੇ ਜਾ ਰਹੇ ਉਦਮ ਦੀ ਸ਼ਲਾਘਾ ਕਰਨੀ ਬਹੁਤ ਜ਼ਰੂਰੀ ਹੈ। ਆਪਣੀ ਮਾਂ-ਬੋਲੀ ਦਾ ਮਾਣ ਸਤਿਕਾਰ ਕਰਨਾ ਅਤੇ ਹਰ ਖੇਤਰ ਵਿੱਚ ਇਸਨੂੰ ਨਾਲ ਰੱਖਣਾ ਸਾਡਾ ਫਰਜ਼ ਬਣਦਾ ਹੈ। ਇਹ ਸਾਡੇ ਗੁਰੂਆ, ਪੀਰਾਂ, ਫਕੀਰਾਂ ਦੀ ਬੋਲੀ ਹੈ ਜੋ ਸਾਨੂੰ ਸਾਡੀ ਸਭਿਅਤਾ, ਸਾਡੇ ਇਤਿਹਾਸ ਅਤੇ ਧਰਮ ਨਾਲ ਜੋੜ ਕੇ ਰੱਖਦੀ ਹੈ।

ਮਾਂ-ਬੋਲੀ ਦਾ ਹਰ ਇਨਸਾਨ ਨਾਲ ਅਟੁੱਟ ਰਿਸ਼ਤਾ ਹੁੰਦਾ ਹੈ ਜੋ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ, ਇਸ ਵਿੱਚ ਪਿਆਰ ਦੀ ਝਲੱਕ ਹੈ, ਜਿੰਦਗੀ ਦੇ ਤਜਰੁਬਿਆਂ ਦੇ ਅਹਿਸਾਸ ਵੀ ਛਿਪੇ ਹੁੰਦੇ ਹਨ ਅਤੇ ਜਦੋਂ ਕਿਸੇ ਨਾਲ ਗਲਬਾਤ ਹੁੰਦੀ ਹੈ ਤਾਂ ਅਪੱਣਤ ਸਾਹਮਣੇ ਆਉਂਦੀ ਹੈ। ਕਈ ਦਫਾ ਜਦੋਂ ਅਸੀਂ ਕੋਈ ਖਾਸ ਗੱਲ ਕਿਸੇ ਦੂਸਰੀ ਜ਼ੁਬਾਨ ਵਿੱਚ ਕਹਿਣੀ ਹੋਵੇ ਤਾਂ ਝਿਜਕ ਮਹਿਸੂਸ ਹੁੰਦੀ ਹੈ। ਪਰ ਅਪਣੀ ਮਾਂ-ਬੋਲੀ ਪੰਜਾਬੀ ਵਿੱਚ ਅਸੀਂ ਆਪਣੇ ਹਾਵ-ਭਾਵ ਬੜੀ ਆਸਾਨੀ ਨਾਲ ਬਿਆਨ ਕਰ ਸਕਦੇ ਹਾਂ। ਇਸ ਵਕਤ ਪੰਜਾਬੀ ਜ਼ੁਬਾਨ ਦੁਨੀਆ ਦੇ ਕੋਨੇ-ਕੋਨੇ ਵਿੱਚ ਬੋਲੀ ਜਾਂਦੀ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV

ਆਪਣੇ ਘਰਾਂ ਵਿੱਚ ਸਾਨੂੰ ਵੱਧ ਤੋਂ ਵੱਧ ਪੰਜਾਬੀ ਬੋਲਣੀ ਚਾਹੀਦੀ ਹੈ, ਜੋ ਪੰਜਾਬੀ ਲੇਖਕ ਹਨ ਉਹਨਾ ਦੀਆਂ ਕਿਤਾਬਾਂ ਪੜ੍ਹਨੀਆ ਚਾਹੀਦੀਆਂ ਹਨ ਕਿਉਂਕਿ ਜਦੋਂ ਅਸੀਂ ਦੂਸਰਿਆਂ ਦੀਆਂ ਲਿਖਤਾਂ ਪੜ੍ਹਾਂਗੇ ਤਾਂ ਹੀ ਸਾਨੂੰ ਪੰਜਾਬੀ ਜ਼ੁਬਾਨ ਦੀ ਡੂੰਘਾਈ ਦੀ ਜਾਣਕਾਰੀ ਹੋਵੇਗੀ।। ਮੇਰੇ ਵਲੋਂ ਸਾਰਿਆਂ ਨੂੰ ਇਸ ਮਹੱਤਵਪੂਰਨ ਦਿਨ ਤੇ ਬਹੁੱਤ ਬਹੁੱਤ ਵਧਾਈ ਪੇਸ਼ ਕਤਿੀ ਜਾਂਦੀ ਹੈ ਉਮੀਦ ਹੈ ਕਿ ਅਸੀਂ ਸਾਰੇ ਹੀ ਇਸਨੂੰ ਅੱਗੇ ਵਧਾਉਣ ਲਈ ਮਿਹਨਤ ਕਰਦੇ ਰਹਾਂਗੇ। “

ਓਡਬੀ ਪੰਜਾਬੀ ਸਕੂਲ ਦੇ ਗੁਰਸ਼ਾਨਜੋਤ ਸਿੰਘ ਨੇ ਕਿਹਾ “ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਮੈਂ ਆਪ ਜੀ ਨਾਲ ਕੁਝ ਸ਼ਬਦ ਆਪਣੇ ਬਹੁੱਤ ਹੀ ਉੱਚੇ ਸੁੱਚੇ ਇਤਿਹਾਸ ਅਤੇ ਵਿਰਸੇ ਬਾਰੇ ਸਾਂਝੇ ਕਰਨ ਜਾ ਰਿਹਾ ਹਾਂ। ਅਸੀਂ ਉਸ ਇਤਿਹਾਸ ਦੇ ਵਾਰਿਸ ਹਾਂ ਜਿਸ ਨੂੰ ਸਿਆਹੀ ਨਾਲ ਨਹੀਂ ਬਲਕਿ ਖ਼ੂਨ ਨਾਲ ਲਿਖਿਆ ਗਿਆ ਹੈ। ਅਸੀਂ ਉਸ ਪੰਜ ਪਾਣੀਆ ਦੀ ਧਰਤੀ ਦੇ ਜਾਏ ਹਾਂ ਜਿੱਥੇ ਸਾਡੇ ਪੁਰਖਾਂ ਨੇ ਸ਼ਹੀਦੀਆਂ ਦਿੱਤੀਆਂ ਹਨ। ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੜਦੀਕਲਾ ਦੀ ਗੁੜਤੀ ਦਿੱਤੀ ਹੈ ਜਿਸ ਕਰਕੇ ਸਾਡਾ ਸਾਰਾ ਹੀ ਇਤਿਹਾਸ ਚੜ੍ਹਦੀਕਲਾ ਦੀਆਂ ਬਹਾਦਰੀਆਂ ਨਾਲ ਭਰਿਆ ਪਿਆ ਹੈ। ਸਾਨੂੰ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਆਪਣੀ ਅਮੀਰ ਵਿਰਾਸਤ ਤੇ ਆਪਣੀ ਸ਼ਹਿੱਦ ਤੋਂ ਜਿਆਦਾ ਮਿੱਠੀ ਮਾਂ-ਬੋਲੀ ਪੰਜਾਬੀ ਤੇ।

ਇਹ ਉਹੀ ਪੰਜਾਬੀ ਹੈ ਜਿੱਸ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਸ ਅਕਾਲ ਪੁਰਖ ਦੀਆਂ ਸਿਫਤਾਂ ਕੀਤੀਆਂ। ਤੇ ਇਹ ਉਹੀ ਪੰਜਾਬੀ ਹੈ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਰਸ ਦੀ ਸਿਖਰ ਨੂੰ ਛੋਹਦੀਂ ਹੋਈ ਚੰਡੀ ਦੀ ਵਾਰ ਰਚੀ ਸੀ।

ਇਸ ਦੇ ਨਾਲ ਨਾਲ ਮੈਂ ਦਸਤਾਰ ਦਾ ਜਿਕਰ ਵੀ ਜਰੂਰ ਕਰਨਾ ਚਾਹੁੰਦਾ ਹਾਂ। ਕਿਉਂਕਿ ਅੱਜ ਗੱਲ ਪਹਿਚਾਣ ਦੀ ਹੈ ਅਤੇ ਸਾਡੀ ਸੱਭ ਤੋਂ ਵੱਡੀ ਪਹਿਚਾਣ ਸਾਡੀ ਸਿਰ ਤੇ ਸਜੀ ਹੋਈ ਗੁਰੂ ਕੀ ਬਖਸ਼ੀ ਦਸਤਾਰ ਹੈ ਜੀ।

ਸੰਗਤ ਜੀ ਇਸ ਦਸਤਾਰ ਦੀ ਇਹਮੀਅਤ ਨੂੰ ਅੱਜ ਅਸੀਂ ਭੁੱਲਦੇ ਜਾ ਰਹੇ ਹਾਂ ਜੋ ਬਹੁੱਤੀ ਚੰਗੀ ਗੱਲ ਨਹੀਂ ਹੈ ਇਸ ਤੋਂ ਇਲਾਵਾ ਸਾਡਾ ਉੱਚਾ ਕਿਰਦਾਰ ਵੀ ਸਾਡੀ ਇੱਕ ਪਹਿਚਾਣ ਹੈ ਜੋ ਕਿ ਗੁਰੂ ਸਾਹਿਬ ਜੀ ਨੇ ਸਾਨੂੰ ਬਖਸ਼ਿਆ ਹੈ। ਅੱਜ ਦੁਨੀਆ ਦੇ ਕਿਤੇ ਵੀ ਕੋਈ ਮਾੜਾ ਸਮਾ ਆ ਜਾਵੇ ਸਿੱਖ ਬਿਨਾ ਕਿਸੇ ਦੇ ਭੇਵ ਭਾਵ ਤੋਂ ਮੱਦਦ



ਲਈ ਪਹੁੰਚ ਜਾਂਦੇ ਹਨ ਜਿਸ ਕਰਕੇ ਸਿੱਖ ਦੀ ਪੂਰੀ ਦੁਨੀਆ ਤੇ ਇੱਕ ਵੱਖਰੀ ਹੀ ਪਹਿਚਾਣ ਹੈ। ਇਸ ਦੀ ਸੱਭ ਤੋਂ ਵੱਡੀ ਉਦਾਰਨ ਹੈ ਸਾਡੀ ਖਾਲਸਾ ਏਡ ਇੰਟਰਨੈਸ਼ਨਲ ਅਤੇ ਸਾਡੇ ਇਹ ਸਿੱਖ ਭਰਾ ਪਹਿਲੇ ਹਨ ਜਿਨ੍ਹਾਂ ਨੇ ਬਾਹਰਲੇ ਦੇਸ਼ਾਂ ਵਿੱਚ ਆ ਕੇ ਉਚੀਆਂ ਪੱਦਵੀਆ ਪ੍ਰਾਪਤ ਕੀਤੀਆਂ ਹਨ ਜੋ ਕਿ ਬਹੁੱਤ ਹੀ ਮਾਣ ਵਾਲੀ ਗੱਲ ਹੈ।

ਮੈਂ ਪੰਜਾਬੀ ਸਿੱਖ ਹੋਣ ਤੇ ਬਹੁੱਤ ਹੀ ਮਾਣ ਮਹਿਸੂਸ ਕਰਦਾ ਹਾਂ ਅਤੇ ਮੈਂ ਖ਼ੁੱਸ਼ ਹਾਂ ਕਿ ਮੈਂ ਆਪਣੀ ਮਾਂ-ਬੋਲੀ ਪੰਜਾਬੀ ਬੋਲ ਸਕਦਾਂ ਹਾਂ। ਅਤੇ ਮੇਰੀ ਦਿਲੀ ਖ਼ੁਆਇਹਸ਼ ਹੈ ਕਿ ਇੱਕ ਪੰਜਾਬੀ ਜੱਦੋਂ ਦੂਜੇ ਪੰਜਾਬੀ ਨੂੰ ਮਿਲੇ ਤੇ ਉਹ ਪੰਜਾਬੀ ਵਿੱਚ ਹੀ ਗੱਲ ਕਰਨ। ਮੈਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਦਾਸ ਨੇ ਜੀ ਸੀ ਐਸ ਈ ਪੰਜਾਬੀ ਪਾਸ ਕਰ ਲਈ ਹੈ ਅਤੇ ਹੁਣ ਏ ਲੈਵਲ ਪੰਜਾਬੀ ਕਰਦਾ ਹਾਂ। ਅੱਜ ਇੰਨੀ ਹੀ ਬੇਨਤੀ ਪ੍ਰਵਾਨ ਕਰਨੀ ਜੀ ਅਤੇ ਭੁੱਲ ਚੁੱਕ ਮੁਆਫ ਕਰਨਾ ਜੀ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।“

ਰਾਮਗੜ੍ਹੀਆ ਪੰਜਾਬੀ ਸਕੂਲ ਦੇ ਵਿਦਿਆਰਥੀਆਂ ਨੇ ਸਟੇਜ ਤੋਂ ਸ਼ਬਦ ਪੇਸ਼ ਕੀਤਾ।

ਕੁੱਲ ਮਿਲਾ ਕੇ 12 ਪੰਜਾਬੀ ਸਕੂਲ ਦੇ ਬੱਚਿਆ ਨੇ ਇਸ ਮਾਂ-ਬੋਲੀ ਪੰਜਾਬੀ ਸਮਾਗਮ ਵਿੱਚ ਭਾਗ ਲਿਆ ਜਿਸ ਲਈ ਪੰਜਾਬੀ ਸਰੋਤਿਆਂ ਦੇ ਕਲੱਬ ਵਲੋਂ ਇਨ੍ਹਾਂ ਸੱਭ ਨੂੰ ਇੱਕ ਸਰਟੀਫੀਕੇਟ ਅਤੇ ਪੰਜਾਬੀ ਗੁਡੀ ਬੈਗ ਦਿੱਤਾ ਗਿਆ। ਪੰਜਾਬੀ ਸਕੂਲਾਂ ਦੇ ਮੁੱਖ ਅੱਧਆਪਕਾਂ ਡਾ: ਕਰਨਜੀਤ ਕੌਰ ਅਤੇ ਪਰਮਿੰਦਰ ਕੌਰ ਜੀ ਦਾ ਅਤੇ ਗਿਆਨੀ ਗੁਰਸੇਵਕ ਸਿੰਘ ਜੀ ਦਾ ਵੀ ਸਨਮਾਨ ਕੀਤਾ ਗਿਆ।

ਪਾਲ ਸਿੰਘ ਜੀ ਕਵੀ ਨੇ ਸਾਧ ਸੰਗਤ ਜੀ ਨੂੰ ਅਤੇ ਇਸ ਸ਼ਾਨਦਾਰ ਪ੍ਰੋਗਰਾਮ ਦੇ ਪ੍ਰਬੰਧਕਾਂ ਅਤੇ ਬੱਚਿਆ ਦੇ ਮਾਪਿਆਂ ਸੱਭ ਨੂੰ ਵਧਾਈਆ ਦਿੱਤੀਆਂ। ਉਨ੍ਹਾ ਨੇ ਆਪਣਾ ਪੰਜਾਬੀ ਗੀਤ ਵੀ ਪੇਸ਼ ਕੀਤਾ। ਰਾਮ ਸਿੰਘ ਢੇਸੀ ਜੀ ਨੇ ਦੱਸਿਆ ਕਿ ਕੈਨੇਡਾ ਵਿੱਚ ਦੇਸ਼ ਦੀ ਤੀਜੀ ਨੰਬਰ ਤੇ ਜਿਆਦਾ ਬੋਲਣ ਜਾਣ ਵਾਲੀ ਬੋਲੀ ਹੈ ਅਤੇ ਦੁਨੀਆ ਦੀਆਂ ਬੋਲੀਆ ਵਿਚੋਂ 13ਵੇਂ ਨੰਬਰ ਤੇ ਪੰਜਾਬੀ ਬੋਲੀ ਜਾਂਦੀ ਹੈ। ਗਿਆਨੀ ਗੁਰਸੇਵਕ ਸਿੰਘ ਜੀ ਨੇ ਸਾਲ 1000 ਤੋਂ ਅਜੋਕੇ ਸਮੇ ਤੱਕ ਮਾਂ-ਬੋਲੀ ਪੰਜਾਬੀ ਦਾ ਇਤਿਹਾਸ ਬਾਰੇ ਗੁਰੂ ਜੀ ਦੀ ਪਿਆਰੀ ਸਾਧ ਸੰਗਤ ਜੀ ਨੂੰ ਜਾਣੂ ਕਰਵਾਇਆ ਜਿਸ ਕਰਕੇ ਕਈਆਂ ਨੂੰ ਬਹੁੱਤ ਕੁੱਝ ਸਿੱਖਣ ਲਈ ਮਿਲਿਆ। ਗਿਆਨੀ ਗੁਰਸੇਵਕ ਜੀ ਨੇ ਸਟੇਜ ਸੇਵਾ ਬਾਖੂਬੀ ਨਾਲ ਨਿਭਾਈ ਅਤੇ ਦੱਸਿਆ ਕਿ 14 ਸਤੰਬਰ ਨੂੰ ਇਸੇ ਗੁਰਦਵਾਰਾ ਸਾਹਿਬ ਵਿਖੇ ਰਾਸ਼ਟਰੀ ਮਾ-ਬੋਲੀ ਪੰਜਾਬੀ ਸੈਮੀਨਾਰ ਕਰਵਾਇਆ ਜਾ ਰਿਹਾ ਹਾ।

ਤਰਲੋਚਨ ਸਿੰਘ ਵਿਰਕ, ਸੰਚਾਲਕ ਪੰਜਾਬੀ ਲਿਸਨਰਜ ਕਲੱਬ, ਨੇ ਦੱਸਿਆ ਕਿ ਹਰ ਇੱਕ ਇਨਸਾਨ ਨੂੰ ਆਪਣੀ ਮਾਂ-ਬੋਲੀ ਨਾਲ ਕੁਦਰਤੀ ਬਹੁੱਤ ਪਿਆਰ ਹੁੰਦਾ ਹੈ। ਸਰਕਾਰੀ ਸਕੂਲਾਂ ਵਿੱਚ ਉਨ੍ਹਾਂ ਮਾਂ-ਬੋਲੀਆਂ ਨੂੰ ਸਿੱਖਣ ਦੀ ਇਜ਼ਾਜ਼ਤ ਹੈ ਜਿਨ੍ਹਾਂ ਸਕੂਲਾਂ ਵਿੱਚ ਕਲਾਸਾਂ ਜਿੰਨੇ ਬੱਚੇ ਪੜ੍ਹਦੇ ਹੋਣ ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਵਿਦਿਆਰਥੀਆਂ ਦੇ ਮਾਪਿਆਂ ਦੀ ਚਾਹਤ ਹੋਵੇ। ਤਨਮਨਜੀਤ ਸਿੰਘ ਢੇਸੀ ਸੰਸਦ ਮੈਂਬਰ ਜੀ ਨੇ ਆਪਣੇ ਟੈਲੀਫੋਨ ਸੁਨੇਹੇ ਵਿੱਚ ਦੱਸਿਆ ਕਿ ਮਾਂ-ਬੋਲੀ ਪੰਜਾਬੀ ਦੀ ਤਰੱਕੀਆਂ ਲਈ ਸਾਨੂੰ ਸੱਭ ਨੂੰ ਘਰਾਂ ਗੁਰਦਵਾਰਾ ਸਾਹਿਬ ਵਿਖੇ ਸਿਰਫ ਪੰਜਾਬੀ ਵੱਚ ਹੀ ਗੱਲ ਕਰਨੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ ਆਪਣੇ ਬੱਚਿਆਂ ਨੂੰ ਚੱਲ ਰਹੇ ਪੰਜਾਬੀ ਸਕੂਲਾਂ ਵਿੱਚ ਦਾਖਲਾ ਕਰਾਉਣੇ ਚਾਹੀਦੇ ਹਨ। ਉਨ੍ਹੀ ਦੱਸਿਆ ਕਿ ਉਨ੍ਹਾ ਦਾ ਇੱਕ ਬੱਚਾ ਇਸ ਸਮੇ ਜੀ ਸੀ ਐਸ ਈ ਪੰਜਾਬੀ ਕਰ ਰਿਹਾ ਹੈ ਅਤੇ ਦੂਜਾ ਬੱਚਾ ਏ ਲੈਵਲ ਪੰਜਾਬੀ ਕਰਦਾ ਹੈ। ਖਾਲਸਾ ਏਡ ਇੰਟਰਨੈਸ਼ਨਲ ਦੇ ਸੇਵਾਦਾਰ ਭਾਈ ਬਲਿੰਦਰ ਸਿੰਘ ਅਤੇ ਦਰਬਾਰਾ ਸਿੰਘ ਜੀ ਵਲੋਂ ਲਗਾਏ ਗਏ ਸਟਾਲ ਤੋਂ £201 ਦਾਨ ਕੀਤੇ ਗਏ ।ਪ੍ਰਬੰਧਕਾਂ ਵਲੋਂ ਗੁਰਦਵਾਰਾ ਕਮੇਟੀ, ਕੈਬਿੰਨ ਕਿੰਗ ਦੇ ਮਾਲਕ ਅਤੇ ਦੇਵ ਥਰੀਕੇ ਵਾਲਾ ਅਪਰੀਸ਼ੀਏਸ਼ਨ ਸੋਸਾਇਟੀ ਦੇ ਮੁੱਖ ਸੇਵਾਦਾਰ ਭਾਈ ਸੁਖਦੇਵ ਸਿੰਘ ਅਟਵਾਲ, ਓਡਬੀ ਪੰਜਾਬੀ ਸਕੂਲ, ਰਾਮਗੜ੍ਹੀਆ ਪੰਜਾਬੀ ਸਕੂਲ, ਪੰਜਾਬੀ ਕਵੀਆ, ਕਾਂਉਸਲਰ ਸੰਤੋਖ ਸਿੰਘ ਅਟਵਾਲ, ਰਾਮ ਸਿੰਘ ਢੇਸੀ, ਗਿਆਨੀ ਗੁਰਸੇਵਕ ਸਿੰਘ ਜੀ ਅਤੇਤਨਮਨਜੀਤ ਸਿੰਘ ਢੇਸੀ, ਬੱਚਿਆਂ ਦੇ ਮਾਪਿਆਂ, ਇਨ੍ਹਾਂ ਸੱਭ ਦਾ ਸਿਹਯੋਗ ਦੇਣ ਲਈ ਦਿਲੋਂ ਬਹੁੱਤ ਧੰਨਵਾਦ ਕੀਤਾ ਜਾਂਦਾ ਹੈ।

### ਕਿਸਾਨ ਮਜ਼ਦੂਰ ਸ਼ੰਘਰਸ਼ ਜਥੇਬੰਦੀ ਵੱਲੋਂ ਸੂਬਾ ਕੋਰ ਕਮੇਟੀ ਦੀ ਮੀਟਿੰਗ ਕਰਕੇ ਭਗਵੰਤ ਮਾਨ ਸਰਕਾਰ ਵੱਲੋਂ ਕਿਸਾਨ ਆਗੂਆਂ ਦੀਆਂ ਕੀਤੀਆਂ ਗ੍ਰਿਫਤਾਰੀਆਂ ਤੇ ਜਬਰ ਦੇ ਵਿਰੋਧ ਵਿੱਚ

# 18 ਜਿਲਿਆਂ ਵਿੱਚ ਅਰਥੀ ਫੂਕ ਮੁਜਾਹਰਿਆਂ ਦਾ ਕੀਤਾ ਐਲਾਨ



**ਚੰਡੀਗੜ੍ਹ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜ਼ਦੂਰ ਸ਼ੰਘਰਸ਼ ਕਮੇਟੀ ਪੰਜਾਬ ਵੱਲੋਂ ਅੱਜ ਸੂਬਾ ਕੋਰ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਦੀ ਪ੍ਰਧਾਨਗੀ ਹੇਠ ਮੁੱਖ ਦਫਤਰ ਅੰਗਰੇਜ ਸਿੰਘ ਬਾਕੀਪੁਰ ਹਾਲ ਚੱਬਾ ਅੰਮ੍ਰਿਤਸਰ ਵਿੱਚ ਹੋਈ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਠੱਠਾ ਨੇ ਕਿਹਾ ਕੇ ਭਗਵੰਤ ਮਾਨ ਸਰਕਾਰ ਵੱਲੋਂ ਕਿਸਾਨ ਆਗੂਆਂ ਨੂੰ ਅੱਜ ਤੜਕੇ ਗ੍ਰਿਫਤਾਰ ਕਰਕੇ ਕੀਤੇ ਜਬਰ, ਅਨਿਆਂ ਤੇ ਧਕੇਸ਼ਾਹੀ ਖਿਲਾਫ ਕੱਲ 5 ਮਾਰਚ ਨੂੰ ਪੰਜਾਬ ਦੇ 18 ਜ਼ਿਲਆ ਵਿੱਚ ਹਜਾਰਾਂ ਕਿਸਾਨਾਂ ਮਜਦੂਰਾਂ ਵੱਲੋਂ ਪੰਜਾਬ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਮੁਜਾਹਰੇ ਕੀਤੇ ਜਾਣਗੇ। ਆਗੂਆਂ ਨੇ ਕਿਹਾ ਕੇ ਜਿਸ ਤਰ੍ਹਾਂ ਕੱਲ 3 ਮਾਰਚ ਨੂੰ ਕਿਸਾਨੀ ਮੰਗਾਂ ਨੂੰ ਲੈਕੇ ਚੰਡੀਗੜ੍ਹ ਵਿੱਚ ਕਿਸਾਨ ਆਗੂਆਂ ਨਾਲ ਮੀਟਿੰਗ ਕਰਦਿਆਂ ਮੁੱਖ ਮੰਤਰੀ ਵੱਲੋਂ ਮੀਟਿੰਗ ਨੂੰ ਅੱਧ ਵਿਚਾਲੇ ਤੋੜਕੇ ਭੜਕਾਹਟ ਵਿੱਚ ਆਕੇ ਆਪਣੀ ਅਕਲ ਦਾ ਜਨਾਜਾ ਕੱਢਿਆ ਹੈ ਉਹ ਅਤਿ ਦਰਜੇ ਦਾ ਘਟੀਆ ਤੇ ਨਿੰਦਣ ਯੋਗ ਹੈ ਭਗਵੰਤ ਮਾਨ ਵਲੋਂ ਕਿਸਾਨ ਆਗੂਆਂ ਨੂੰ ਚੈਲੰਜ ਕਰਕੇ ਅੱਜ ਸਵੇਰ ਤੋਂ ਛਾਪੇਮਾਰੀ ਕਰਕੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਨੂੰ ਗ੍ਰਿਫਤਾਰ ਕਰਕੇ ਜੇਹਲਾਂ ਵਿੱਚ ਬੰਦ ਕਰਕੇ ਤਾਨਾਸ਼ਾਹੀ, ਹੈਂਕੜਭਰੀ ਸੋਚ ਦਾ ਸਬੂਤ ਦਿੱਤਾ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਬਿਲਕੁਲ ਕੇਂਦਰ ਸਰਕਾਰ ਦੇ ਇਸ਼ਾਰਿਆਂ ਤੇ ਚਲਕੇ ਉਸੇ ਤਰ੍ਹਾਂ ਪੰਜਾਬ ਵਿੱਚ ਬੁਲਡੋਜਰ ਕਲਚਰ ਸ਼ੁਰੂ ਕਰਕੇ ਪੁਲਿਸ ਦਾ ਜੰਗਲ ਰਾਜ ਲਾਗੂ ਕਰ ਰਹੀ ਹੈ ਪਰ ਇਹ ਪੰਜਾਬ ਵਿੱਚ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਇਸ ਦਾ ਮੂੰਹ ਤੋੜ ਜੁਆਬ ਦਿੱਤਾ ਜਾਵੇਗਾ। ਸੂਬਾ ਆਗੂ ਸਤਿਨਾਮ ਸਿੰਘ ਪਨੂੰ ਤੇ ਸਰਵਣ ਸਿੰਘ ਪੰਧੇਰ ਨੇ ਕਿਹਾ ਕੇ ਆਪਣੀਆਂ ਮੰਗਾਂ ਲਈ ਸ਼ੰਘਰਸ਼ ਕਰਨਾ ਹਰ ਇੱਕ ਦਾ ਜਮਹੂਰੀ ਹੱਕ ਹੈ ਤੇ ਗ੍ਰਿਫਤਾਰ ਕੀਤੇ ਗਏ ਕਿਸਾਨ ਆਗੂਆਂ ਨੂੰ ਤਰੁੰਤ ਰਿਹਾਅ ਕੀਤਾ ਜਾਵੇ ਅਤੇ ਰੋਸ ਪ੍ਰਦਰਸ਼ਨ ਕਰਨ ਲਈ ਚੰਡੀਗੜ੍ਹ ਦੇ 34 ਜਾਂ 17 ਸੈਕਟਰ ਵਿੱਚ ਥਾਂ ਦਿੱਤੀ ਜਾਵੇਤੇ ਕਿਸਾਨਾਂ ਦੀਆਂ 18 ਮੰਗਾਂ ਤਰੁੰਤ ਮੰਨੀਆ ਜਾਣ ।ਇਸ ਮੀਟਿੰਗ ਵਿੱਚ ਸਵਿੰਦਰ ਸਿੰਘ ਚੁਤਾਲਾ, ਗੁਰਬਚਨ ਸਿੰਘ ਚੱਬਾ, ਲਖਵਿੰਦਰ ਸਿੰਘ ਵਰ੍ਹਿਆਮ ਨੰਗਲ, ਸਤਿਨਾਮ ਸਿੰਘ ਮਨੋਚਾਲ ਹਰਜਿੰਦਰ ਸਿੰਘ ਸ਼ਕਰੀ, ਤੇ ਪ੍ਰਮਜੀਤ ਸਿੰਘ ਹੁਸ਼ਿਆਰਪੁਰ ਵੀ ਹਾਜਰ ਸਨ।


### ਮੁੱਖ ਮੰਤਰੀ ਵੱਲੋਂ ਕਿਸਾਨਾ ਨੂੰ ਸੜਕਾਂ ਰੇਲਾਂ ਰੋਕ ਪ੍ਰੇਸ਼ਾਨ ਨਾ ਕਰਨ ਦੀ ਗੱਲ ਸਹੀ, ਪਰ

# ਕਿਸਾਨਾਂ ਦੀਆਂ ਨਜਾਇਜ਼ ਗ੍ਰਿਫਤਾਰੀਆਂ ਤੇ ਵਿਰੋਧੀਆਂ ਦੀ ਨੀਤੀ ਨਿੰਦਣਯੋਗ : ਭਾਈ ਵਿਰਸਾ ਸਿੰਘ ਖਾਲਸਾ

**ਜੰਡਿਆਲਾ ਗੁਰੂ, 4 ਮਾਰਚ ( ਕੁਲਵੰਤ ਸਿੰਘ ਵਿਰਦੀ)**-ਕਿਸਾਨ ਆਗੂਆਂ ਦੀ 5 ਮਾਰਚ ਨੂੰ ਇੱਕ ਹੋਰ ਮੋਰਚਾ ਲਾਉਣ ਦੀ ਕਾਲ ਤੋਂ ਪਹਿਲਾਂ ਮੁੱਖ ਮੰਤਰੀ ਸ੍ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨਾਲ ਚੰਡੀਗੜ੍ਹ'ਚ ਮੀਟਿੰਗ ਕੀਤੀ, ਕਿਸਾਨੀ ਸੂਤਰਾਂ ਮੁਤਾਬਕ ਸਾਰੀਆਂ ਕਿਸਾਨੀ ਮੰਗਾਂ ਤੇ ਵਧੀਆਂ ਵਿਚਾਰਾਂ ਚੱਲ ਰਹੀਆਂ ਸਨ ਅਤੇ ਅਚਾਨਕ ਮੁੱਖ ਮੰਤਰੀ ਇਸ ਗੱਲ ਤੋਂ ਤਲਖ਼ੀ ਵਿੱਚ ਆ ਗਏ ਕਿ ਨਿੱਤ ਦਿਨ ਰੇਲਾਂ ਸੜਕਾਂ ਜਾਮ ਕਰਕੇ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਤੁਹਾਡੇ ਵਾਸਤੇ ਚੰਗੀ ਗੱਲ ਨਹੀਂ ਅਤੇ ਅੱਗਿਓਂ ਜਵਾਬ'ਚ ਕਿਸਾਨਾਂ ਨੇ ਕਿਹਾ ਤੁਸੀਂ ਸਾਡੇ ਨਾਲ ਰੋਜ਼ਾਨਾ ਮੀਟਿੰਗਾਂ ਕਰੋਂ ਨਹੀਂ ਤਾਂ ਅਸੀਂ ਮੋਰਚਾ ਲਾਵਾਂਗੇ,ਬੱਸ ਫਿਰ ਕੀ,ਮੁੱਖ ਮੰਤਰੀ ਸਾਹਿਬ ਆ ਗਏ ਗੁੱਸੇ'ਚ ਕਹਿੰਦੇ ,ਜਾਓ ਲਾ ਲਓ ਮੋਰਚਾ ਦੇਖ ਲਵਾਂਗੇ ਤੇ ਉੱਠ ਕੇ ਬਾਹਰ ਆ ਗਏ, ਹੁਣ ਇਸ ਬੇ ਸਿੱਟਾ ਰਹੀ ਮੀਟਿੰਗ ਤੋਂ ਬਾਅਦ ਪੰਜਾਬ ਪੁਲਿਸ ਵੱਲੋਂ ਰਾਜੇਵਾਲ ਤੇ ਹੋਰ ਕਿਸਾਨ ਆਗੂਆਂ ਦੀ ਫੜੋ ਫੜਾਈ ਤੇ ਘਰ'ਚ ਨਜ਼ਰ ਬੰਦ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ,ਇਹ ਸਰਕਾਰ ਦੀ ਸੰਵਿਧਾਨ ਤੇ ਡੈਮੋਕਰੇਸੀ ਵਿਰੋਧੀ ਨਿੰਦਣਯੋਗ ਨੀਤੀ ਹੈ, ਕਿਉਂਕਿ ਸਰਕਾਰ ਵਿਰੋਧੀ ਸ਼ਾਂਤਮਈ ਢੰਗ ਨਾਲ ਪਰੋਟੈਸਟ ਕਰਨਾ ਸੰਵਿਧਾਨ ਤੇ ਡੈਮੋਕਰੇਸੀ ਹੱਕ ਹੈ,ਜਦੋਂ ਕਿ ਕਾਂਗਰਸ ਤੇ ਕੁੱਝ ਹੋਰ ਸਰਕਾਰ ਵਿਰੋਧੀ ਨੇਤਾ ਸੁਖਪਾਲ ਸਿੰਘ ਖਹਿਰਾ ਆਦਿ ਵੱਲੋਂ ਕਿਸਾਨੀ ਮੰਗਾਂ ਦੇ ਮੁੱਦੇ ਤੇ ਹਾਸੋਹੀਣੀ ਤੇ ਮੌਕਾ ਪ੍ਰਸਤੀ ਵਾਲੀ ਨੀਤੀ ਖੇਡੀ ਜਾ ਰਹੀ ਹੈ ਜੋ ਲੋਕ ਵਿਰੋਧੀ ਨਿੰਦਣਯੋਗ ਨੀਤੀ ਹੈ, ਬਾਕੀ ਇਕਾ ਦੁੱਕਾ ਨੂੰ ਛੱਡ ਕੇ ਸਾਰੀਆਂ ਸਿਆਸੀ ਪਾਰਟੀਆਂ ਚੁੱਪ ਹਨ ਅਤੇ ਕਾਂਗਰਸ ਉਨ੍ਹਾਂ ਦੀ ਚੁੱਪੀ ਨੂੰ ਕੋਸ ਰਹੀ ਹੈ,ਇਸ ਕਰਕੇ ਆਲ ਇੰਡੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਕਿਸਾਨਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਜਾਵੇ, ਉਥੇ ਕਿਸਾਨਾਂ ਨੂੰ ਗੁਰਬਾਣੀ ਮੁਤਾਬਿਕ ( ਇਹ ਜਗਿ ਹਰਿ ਕਾ ਰੂਪ ਹੈ ।। ਹਰਿ ਰੂਪ ਨਦਰੀਂ ਆਇਆ ਅਨੁਸਾਰ ਰੱਬ ਰੂਪੀ ਦੁਨੀਆਂ ਨੂੰ ਰੇਲਾਂ ਸੜਕਾਂ ਰੋਕ ਪ੍ਰੇਸ਼ਾਨ ਕਰਨ ਵਾਲੀ ਆਮ ਲੋਕ ਵਿਰੋਧੀ ਨੀਤੀ ਛੱਡ ਕੇ ਸਬੰਧਤ ਲੀਡਰਾਂ ਅਫਸਰਾਂ ਦੀਆਂ ਕੋਠੀਆਂ ਤੇ ਧਰਨੇ ਦੇਣ ਦੀ ਬੇਨਤੀ ਕਰਦੀ ਹੈ ਦੇ ਨਾਲ ਨਾਲ ਕਿਸਾਨੀ ਮੰਗਾਂ ਮਸਲਿਆਂ ਤੇ ਗੰਦੀ ਸਿਆਸਤ ਕਰਨ ਵਾਲਿਆਂ ਨੂੰ ਬੇਨਤੀ ਕਰਦੀ ਹੈ ਕਿ ਭਰਾਵੋ ਆਪਣੀ ਮੌਕਾਪ੍ਰਸਤੀ ਤੇ ਆਪ ਹੁੱਦਰੀ ਵਾਲੀ ਰਾਜਨੀਤੀ ਨੂੰ ਤਿਆਗ ਕੇ ਪੰਜਾਬ ਦੇ ਹਰ ਵਰਗ ਦੇ ਲੋਕਾਂ ਦੇ ਭਲੇ ਦੀ ਗੱਲ ਕਰਨ ਦੀ ਲੋੜ ਤੇ ਜ਼ੋਰ ਦਿਆ ਕਰੋ ਕਿਉਂਕਿ ਸਰਬੱਤ ਦਾ ਭਲਾ ਮੰਗਣਾ ਤੇ ਕਰਨਾ ਗੁਰੂ ਸਾਹਿਬਾਨਾ. ਦਾ ਉਪਦੇਸ਼ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਚੰਡੀਗੜ੍ਹ'ਚ ਕਿਸਾਨਾਂ ਨਾਲ਼ ਮੁੱਖ ਮੰਤਰੀ ਦੀ ਚੱਲ ਰਹੀ ਮੀਟਿੰਗ ਵਿਚ ਤਲਖੀ ਨਾਲ ਬਾਹਰ ਆਉਣ ਦੀ ਕਾਰਵਾਈ ਨੂੰ ਮੁੱਖ ਰੱਖਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਦੱਸਿਆ ਕਿਸਾਨੀ ਮੁੱਦੇ ਸਰਕਾਰ ਦੀ ਗਲੇ ਦੀ ਹੱਡੀ ਬਣ ਚੁੱਕੇ ਹਨ, ਜਦੋਂ ਕਿ ਕਿਸਾਨਾਂ ਵੱਲੋ ਆਪਣੀਆਂ ਮੰਗਾਂ ਨੂੰ ਮਨਵਾਉਣ ਖਾਤਰ ਨਿੱਤ ਦਿਨ ਮੋਰਚੇ ,ਧਰਨੇ ਤੇ ਰੋਸ ਪ੍ਰਦਰਸ਼ਨਾਂ ਰਾਹੀਂ ਰੇਲਾਂ ਸੜਕਾਂ ਰੋਕ ਕੇ ਆਮ ਕਾਰੋਬਾਰੀ, ਨੌਕਰੀਪੇਸ਼ਾ ਤੇ ਆਮ ਮਜ਼ਦੂਰਾਂ ਨੂੰ ਪ੍ਰੇਸ਼ਾਨ ਕਰਨਾ ਵੀ ਇੱਕ ਪੰਜਾਬ'ਚ ਇੱਕ ਵੱਡਾ ਮਸਲਾ ਮੁੱਦਾ ਬਣ ਗਿਆ ਹੈ ਇਸੇ ਹੀ ਕਰਕੇ ਮੁੱਖ ਮੰਤਰੀ ਨੇ ਮੀਟਿੰਗ ਦਾ ਬਾਈਕਾਟ ਕੀਤਾ,ਭਾਈ ਖਾਲਸਾ ਨੇ ਸਪੱਸ਼ਟ ਕੀਤਾ ਇਹ ਗੱਲ ਕਿਸੇ ਤੋਂ ਲੁੱਕੀ ਛੁੱਪੀ ਨਹੀਂ ? ਕਿ ਕਾਂਗਰਸ ਕਿਸਾਨੀ ਮੰਗਾਂ ਮਸਲਿਆਂ ਨੂੰ ਲੈਕੇ ਸਾਰੇ ਪਵਾੜੇ ਦੀ ਜੜ੍ਹ ਹੈ ਕਿਉਂਕਿ ਜਦੋਂ ਕਾਂਗਰਸ ਨੇ 50 ਸਾਲ ਰਾਜ ਕੀਤਾ ਤੇ ਇੰਨਾ ਨੇ ਕਿਸਾਨੀ ਮਸਲਿਆਂ ਦਾ ਹੱਲ ਕਿਉਂ ਨਾ ਕੀਤਾ ? ਭਾਈ ਖਾਲਸਾ ਨੇ ਸਪੱਸ਼ਟ ਕੀਤਾ ਕਾਂਗਰਸ ਕੇਂਦਰ ਤੇ ਪੰਜਾਬ ਤੋਂ ਦੀ ਸਤਾ ਤੋਂ ਦੂਰ ਹੋਣ ਕਰਕੇ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਨੂੰ ਜਰ ਨਹੀਂ ਰਹੀ ਅਤੇ ਸਤਾ ਦੀ ਭੁੱਖ ਖਾਤਰ ਕਿਸਾਨਾਂ ਦੀ ਹਮਦਰਦ ਬਣ ਕੇ ਕਿਸਾਨੀ ਮਸਲਿਆਂ ਤੇ ਮੌਕਾ ਪ੍ਰਸਤੀ ਵਾਲੀ ਨੀਤੀ ਖੇਡ ਰਹੇ ਹੈਂ ,ਜੋ ਅਤਿ ਨਿੰਦਣਯੋਗ ਹੈ, ਭਾਈ ਖਾਲਸਾ ਨੇ ਕਿਹਾ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਕਿਸਾਨਾਂ ਦੀਆਂ ਜਾਇਜ਼ ਮੰਗਾਂ ਦੇ ਪੂਰੀ ਤਰ੍ਹਾਂ ਹੱਕ ਵਿੱਚ ਅਤੇ ਕੇਂਦਰ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਇਸ ਨੂੰ ਮਿਲ ਬੈਠ ਕੇ ਹੱਲ ਕੀਤਾ ਜਾਵੇ, ਭਾਈ ਖਾਲਸਾ ਨੇ ਕਿਹਾ ਫੈਡਰੇਸ਼ਨ ਖਾਲਸਾ ਰੇਲਾਂ ਸੜਕਾਂ ਰੋਕ ਕੇ ਆਮ ਜਨਤਾ ਨੂੰ ਪ੍ਰੇਸ਼ਾਨ ਕਰਨ ਦੇ ਸਖ਼ਤ ਵਿਰੋਧੀ ਹੈ ਕਿਉਂਕਿ ਲੱਖਾਂ ਦੀਆਂ ਆਤਮਾਵਾਂ ਨੂੰ ਦੁਖ ਦੇ ਕੇ ਆਪਣੇ ਨਿੱਜੀ ਮਸਲੇ ਦਾ ਸੋਚਣਾ ਕੁਦਰਤ ਤੇ ਕਾਨੂੰਨ ਵਿਰੋਧੀ ਹੈ ਅਤੇ ਇਸੇ ਕਰਕੇ ਕਿਸਾਨਾਂ ਨੂੰ ਬੇਨਤੀ ਕਰਦੀ ਹੈ ਕਿ ਮੰਗਾਂ ਮਨਾਉਣ ਵਾਸਤੇ ਕੋਈ ਸਾਰਥਕ ਢੰਗ ਤਰੀਕ.' ਕੱਢਿਆ ਜਾਵੇ, ਜਿਸ ਨਾਲ ਕਿਸੇ ਇੱਕ ਵਿਅਕਤੀ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ, ਕਿਉਂਕਿ ਬੀਤੇ ਸਮੇਂ'ਚ ਆਮ ਲੋਕਾਂ ਦੇ ਨਾਲ ਪੁਲਿਸ ਸੀ ਆਰ ਪੀ, ਆਰਮੀ ਤੇ ਹੋਰ ਵੱਡੇ ਲੋਕਾਂ ਨੂੰ ਵੀ ਕਿਸਾਨਾਂ ਨਾਲ ਟਕਰਾਓ ਕਰਦਿਆਂ ਵੇਖਿਆ ਗਿਆ, ਭਾਈ ਖਾਲਸਾ ਨੇ ਕਿਹਾ ਸਾਡੀ ਜਥੇਬੰਦੀ ਕਿਸਾਨੀ ਮੁਦਿਆਂ ਤੇ ਕਾਂਗਰਸ ਵੱਲੋਂ ਖੇਡੀ ਜਾ ਨਿੰਦਣਯੋਗ ਨੀਤੀ ਦੀ ਵਿਰੋਧੀ ਹੈ ਕਿਉਂਕਿ ਜਦੋਂ 50 ਸਾਲ ਰਾਜ ਕੀਤਾ ਉਦੋਂ ਤਾਂ ਮਸਲੇ ਕਾਂਗਰਸ ਨੂੰ ਦਿੱਸੇ ਨਹੀਂ ? ਤੇ ਹੁਣ ਮੋਦੀ ਹਕੂਮਤ ਨੂੰ ਡੇਗਣ ਲਈ ਕਿਸਾਨਾਂ ਦੀ ਹਮਾਇਤ ਕਰ ਰਹੀ ਹੈ ਜੋ ਨਿੰਦਣਯੋਗ ਨੀਤੀ ਹੈ ਇਸ ਕਰਕੇ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਨ੍ਹਾਂ ਕਿਸਾਨੀ ਮਸਲਿਆਂ ਦਾ ਸਾਰਥਿਕ ਹੱਲ ਲੱਭਿਆ ਜਾਵੇ। ਇਸ ਮੌਕੇ ਤੇ ਭਾਈ ਖਾਲਸਾ ਪ੍ਰਧਾਨ ਏ ਆਈ ਐਸ ਐਸ ਐਫ ਖਾਲਸਾ ਨਾਲ ਭਾਈ ਅਵਤਾਰ ਸਿੰਘ ਅੰਮ੍ਰਿਤਸਰ ਭਾਈ ਜੋਗਿੰਦਰ ਸਿੰਘ ਅਤੇ ਭਾਈ ਜਗਤਾਰ ਸਿੰਘ ਫਿਰੋਜ਼ਪੁਰ ਭਾਈ ਸਿੰਦਾ ਸਿੰਘ ਨਿਹੰਗ ਤੇ ਪਿਰਥੀ ਸਿੰਘ ਧਾਲੀਵਾਲ ਧਰਮਕੋਟ ਭਾਈ ਮਨਜਿੰਦਰ ਸਿੰਘ ਖਾਲਸਾ ਭਾਈ ਸੁਖਦੇਵ ਸਿੰਘ ਫ਼ੌਜੀ ਜਗਰਾਉਂ ਭਾਈ ਦਿਲਬਾਗ ਸਿੰਘ ਬਾਗੀ ਗੁਰਦਾਸਪੁਰ ਭਾਈ ਜਗਜੀਤ ਸਿੰਘ ਸੈਦੇਸਾਹ ਵਾਲਾ ਭਾਈ ਬਲਕਾਰ ਸਿੰਘ ਦਾਰੇਵਾਲ ਭਾਈ ਇੰਦਰਜੀਤ ਸਿੰਘ ਤੇ ਜਸਵਿੰਦਰ ਸਿੰਘ ਕਾਉਂਕੇ ਆਦਿ ਆਗੂ ਹਾਜਰ ਸਨ।



## ਗੁਰਦੁਆਰਾ ਠਾਠ ਨਾਨਕਸਰ ਕੁਟੀਆ ਪਿੰਡ ਕਿੜੀਆਂ ਨੇੜੇ ਬਾਬਾ ਸਾਦਾ ਸ਼ਹੀਦ ਹਰੀਕੇ ਵਿਖੇ ਮਹਾਨ ਗੁਰਮਤਿ ਸਮਾਗਮ 30 ਮਾਰਚ ਨੂੰ—ਸੰਤ ਬਾਬਾ ਅਜੀਤਪਾਲ ਸਿੰਘ ਪਾਲੀ



ਫਿਰੋਜ਼ਪੁਰ, 4 ਮਾਰਚ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਕੁਟੀਆ ਪਿੰਡ ਕਿੜੀਆਂ ਨੇੜੇ ਬਾਬਾ ਸਾਦਾ ਸ਼ਹੀਦ ਹਰੀਕੇ ਵਿਖੇ ਮਹਾਨ ਗੁਰਮਤਿ ਸਮਾਗਮ 30 ਮਾਰਚ ਨੂੰ ਕਰਵਾਏ ਜਾ ਰਹੇ ਹਨ।ਇਹ ਜਾਣਕਾਰੀ ਗੁਰਦੁਆਰਾ ਠਾਠ ਨਾਨਕਸਰ ਠਾਠ ਗੋਬਿੰਦ ਨਗਰ ਖਾਈ ਫੇਮੇਕੀ ਅਤੇ ਕੁਟੀਆ ਨਾਨਕਸਰ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਅਜੀਤਪਾਲ ਸਿੰਘ ਪਾਲੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਬਾਬਾ ਦਯਾ ਸਿੰਘ ਜੀ ਸੁਰ ਸਿੰਘ ਵਾਲੇ, ਸੰਤ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਬਾਬਾ ਪਿਆਰਾ ਸਿੰਘ ਜੀ ਸ਼ਹੀਦ ਢਾਬਸਰ ਵਾਲੇ ਜੀ ਦੀ ਮਿੱਠੀ ਯਾਦ ਵਿਚ 30 ਮਾਰਚ 2025 ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਸ੍ਰੀਮਾਨ ਸੰਤ ਬਾਬਾ ਅਜੀਤਪਾਲ ਸਿੰਘ ਪਾਲੀ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸਿੱਖ ਪੰਥ ਦੇ ਮਹਾਨ ਰਾਗੀ ਕਵੀਸ਼ਰੀ ਭਾਈ ਸੁਖਪ੍ਰੀਤ ਸਿੰਘ ਅੰਮ੍ਰਿਤਸਰ ਵਾਲੇ, ਬਾਬਾ ਤੀਰਥ ਸਿੰਘ ਝਾੜ ਸਾਹਿਬ ਵਾਲੇ, ਭਾਈ ਲਖਬੀਰ ਸਿੰਘ ਕਵੀਸ਼ਰੀ ਜਥਾ, ਬਾਬਾ ਦਰਸ਼ਨ ਸਿੰਘ ਬਾਠਾਂ ਵਾਲੇ, ਬਾਬਾ ਹਰਜੀਤ ਸਿੰਘ ਯੂ.ਕੇ ਵਾਲੇ, ਬਾਬਾ ਰਵਿੰਦਰ ਸਿੰਘ ਰਿੰਕੂ ਨਾਨਕਸਰ ਵਾਲਿਆਂ ਤੋਂ ਇਲਾਵਾ ਹੋਰ ਵੀ ਰਾਗੀ ਜਥੇ ਪਹੁੰਚ ਕੇ ਸੰਗਤਾਂ ਨੂੰ ਗੁਰਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਬਾਬਾ ਜੀ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਕੁੜੀਆਂ ਦੇ ਕੁੜੀਆਂ ਨਾਲ ਅਤੇ ਮੁੰਡਿਆਂ ਦਾ ਮੁੰਡਿਆਂ ਨਾਲ ਕਬੱਡੀ ਮੈਚ ਸ਼ਾਮ ਨੂੰ ਚਾਰ ਵਜੇ ਹੋਵੇਗਾ। ਸ੍ਰੀਮਾਨ ਸੰਤ ਬਾਬਾ ਅਜੀਤਪਾਲ ਸਿੰਘ ਪਾਲੀ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਭਾਰੀ ਗਿਣਤੀ ਵਿਚ ਰਾਗੀ, ਢਾਡੀ, ਕਵੀਸ਼ਰੀ ਜਥਿਆਂ ਤੋਂ ਇਲਾਵਾ ਸੰਤ ਮਹਾਂਪੁਰਸ਼ ਵੀ ਹਾਜ਼ਰੀ ਲੁਆਉਣਗੇ। ਇਸ ਮੌਕੇ ਤੇ ਕਮੇਟੀ ਚੇਅਰਮੈਨ ਸਾਹਿਬ ਮਨਜੀਤ ਸਿੰਘ ਮਹੰਤ ਬਾਬਾ ਦਿਲਬਾਗ ਸਿੰਘ ਸੇਵਾਦਾਰ ਭਾਈ ਬੂਟਾ ਸਿੰਘ, ਭਾਈ ਜ਼ਸਵੰਤ ਸਿੰਘ ਜੱਗਾ, ਬਾਬਾ ਚਰਨਜੀਤ ਸਿੰਘ, ਭਾਈ ਨਿਸ਼ਾਨ ਸਿੰਘ, ਭਾਈ ਹਰਭਜਨ ਸਿੰਘ, ਭਾਈ ਹਰਵੇਲ ਸਿੰਘ, ਭਾਈ ਪਰਮਜੀਤ ਸਿੰਘ, ਭਾਈ ਗੇਜਾ ਸਿੰਘ ਸਰਪੰਚ, ਭਾਈ ਬਲਕਾਰ ਸਿੰਘ, ਭਾਈ ਜ਼ੋਰਾ ਸਿੰਘ, ਭਾਈ ਰਾਜੂ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਬੱਬੂ ਭਾਅ ਜੀ, ਭਾਈ ਅੰਗਰੇਜ਼ ਸਿੰਘ, ਭਾਈ ਜੀਤਾ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਤਰਸੇਮ ਸਿੰਘ, ਭਾਈ ਮਨਜੀਤ ਸਿੰਘ, ਭਾਈ ਕੰਵਲਜੀਤ ਸਿੰਘ, ਬਾਬਾ ਗੁਰਮੀਤ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਵਿਸ਼ਾਲ ਸਿੰਘ, ਭਾਈ ਜੋਧਵੀਰ ਸਿੰਘ, ਭਾਈ ਅਜੇ ਸਿੰਘ, ਭਾਈ ਸੂਰਜ ਸਿੰਘ, ਭਾਈ ਸਰਤਾਜ ਸਿੰਘ, ਭਾਈ ਪੰਥਪ੍ਰੀਤ ਸਿੰਘ ਸਮਾਗਮ ਵਿਚ ਸਪੈਸ਼ਲ ਸੰਗਤਾਂ ਦੀ ਹੱਥੀਂ ਸੇਵਾ ਕਰਨਗੇ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਰਿਸ਼ੀਕੇਸ਼ ਵਿੱਚ ਸਿੱਖ ਭਰਾਵਾਂ ਦੀ ਕੁੱਟਮਾਰ ਅਤੇ ਦਸਤਾਰਾਂ ਦੀ ਬੇਅਦਬੀ ਕਰਨ ਤੇ ਚੇਅਰਮੈਨ ਭੋਮਾ ਨੇ ਸਖਤ ਨਿੰਦਾ ਪ੍ਰਗਟ ਕੀਤੀ

### ਪ੍ਰਸ਼ਾਸਨ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਵੇ :ਚੇਅਰਮੈਨ ਭੋਮਾ



**ਨਵੀਂ ਦਿੱਲੀ, 4 ਮਾਰਚ (ਆਵਾਜ਼ਿ ਕੌਮ ਬਿਊਰੋ)**-ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਉੱਤਰਾਖੰਡ ਦੇ ਰਿਸੀਕੇਸ ਸਥਿਤ ਸਰਵਹਰਾ ਨਗਰ ਚ ਇੱਕ ਸ਼ੋਰੂਮ ਦੇ ਸਿੱਖ ਮਾਲਕ ਅਤੇ ਕੌਂਸਲਰ ਵਿਚਕਾਰ ਪਾਰਕਿੰਗ ਲੈ ਕੇ ਹੋਏ ਝਗੜੇ ਵਿੱਚ ਸਿੱਖ ਭਰਾਵਾਂ ਦੀ ਕੁੱਟਮਾਰ ਕਰਨ ਅਤੇ ਦਸਤਾਰਾਂ ਦੀ ਹੋਈ ਬੇਅਦਬੀ ਦੀ ਸਖਤ ਨਿੰਦਿਆ ਕਰਦਿਆਂ ਪ੍ਰਸ਼ਾਸਨ ਨੂੰ ਦੋਸੀਆ ਦੇ ਵਿਰੁੱਧ ਸਖਤ ਤੋਂ ਸਖਤ ਧਾਰਾ ਲਗਾ ਕੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਦੇਸ਼ ਵਿੱਚ ਸਿੱਖਾਂ ਅਤੇ ਗੁਰੂਘਰਾਂ ਉੱਤੇ ਵੱਖ ਵੱਖ ਤਰਾਂ ਦੇ ਹਮਲੇ ਕੀਤੇ ਜਾ ਰਹੇ ਹਨ ਪਰ ਸਰਕਾਰਾਂ ਨੇ ਅਜੇ ਤੱਕ ਕੋਈ ਵੀ ਸਖਤ ਕਾਨੂੰਨ ਨਹੀਂ ਬਣਾਇਆ ਜਿਸ ਵਿੱਚ ਕਿਸੇ ਧਰਮ ਦੀ ਮਰਿਆਦਾ ਨੂੰ ਠੇਸ ਪਹਿਚਾਉਣ ਅਤੇ ਦਸਤਾਰਾਂ ਤੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਤੇ ਦੋਸੀਆਂ ਨੂੰ ਸਜਾਵਾਂ ਮਿਲ ਸਕਣ। ਕਦੇ ਜੰਮੂ ਕਸ਼ਮੀਰ ਵਿੱਚ ਸਿੱਖਾਂ ਨੂੰ ਕਤਲ ਕੀਤਾ ਜਾਂਦਾ ਹੈ। ਕਦੇ ਡਿਊਟੀ ਨਿਭਾ ਰਹੇ ਸਿੱਖ ਅਫਸਰਾਂ ਨੂੰ ਅੱਤਵਾਦੀ ਜਾਂ ਖਾਲਿਸਤਾਨੀ ਕਹਿ ਕੇ ਬੁਲਾਇਆ ਜਾਂਦਾ ਹੈ,ਕਦੀ ਸਿੱਖ ਟਰੱਕ ਡਰਾਈਵਰਾ ਨਾਲ ਕੁੱਟਮਾਰ ਕੀਤੀ ਜਾਂਦੀ ਹੈ। ਉਨਾ ਘੱਟ ਗਿਣਤੀ ਕਮਿਸ਼ਨ ਤੇ ਉੱਤਰਾਖੰਡ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਦੋਸ਼ੀਆਂ ਦੀ ਪਹਿਚਾਣ ਕਰਕੇ ਸਖਤ ਤੋਂ ਸਖਤ ਸਜਾਵਾਂ ਦਿੱਤੀਆਂ ਜਾਣ ਤਾਂ ਜੋ ਮੁੜ ਦੁਬਾਰਾ ਕੋਈ ਅਜਿਹੀ ਹਰਕਤ ਨਾ ਕਰੇ।

## ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਗਾਜ਼ੀ ਕੋਟ ਦੀ ਦੂਸਰੀ ਬਰਸੀ ਨੂੰ ਸਮਰਪਿਤ ਯਾਦਗਾਰ'ਚ ਬਣੇ ਸਥਾਨ ਤੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ : ਸ੍ਰ ਗੁਰਬਖਸ਼ ਸਿੰਘ ਗਾਜ਼ੀ ਕੋਟ



**ਜੰਡਿਆਲਾ ਗੁਰੂ, 4 ਮਾਰਚ ( ਕੁਲਵੰਤ ਸਿੰਘ ਵਿਰਦੀ)**-ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਸਰਕਾਰ ਅਤੇ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਮੁਤਾਬਿਕ ਹੁਲੜਬਾਜਾਂ ਨਾਲ਼ ਲੋਹਾ ਕਿ ਸ਼ਹੀਦ ਹੋਏ ਭਾਈ ਪਰਦੀਪ ਸਿੰਘ ਖਾਲਸਾ ਗਾਜ਼ੀ ਕੋਟ ਗੁਰਦਾਸਪੁਰ ਦੀ ਦੂਸਰੀ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਗਾਜ਼ੀ ਕੋਟ ਗੁਰਦਾਸਪੁਰ ਵਿਖੇ ਬਹੁਤ ਸ਼ਰਧਾ ਭਾਵਨਾਵਾਂ ਤੇ ਯਾਦਾਂ ਨੂੰ ਲੈ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਮਨਾਈ ਜਾ ਰਹੀ ਹੈ ਅਤੇ ਬਰਸੀ ਸਬੰਧੀ ਅੱਜ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਦੀ ਯਾਦ'ਚ ਬਣਾਏ ਅਸਥਾਨ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਅਰੰਭ ਕਰ ਦਿੱਤੇ ਗਏ ਹਨ ਜਿਨ੍ਹਾਂ ਦੇ ਸੰਪੂਰਨ ਭੋਗ 6 ਮਾਰਚ ਸਵੇਰੇ ਸਾਢੇ ਦਸ ਵਜੇ ਪਾਏਂ ਜਾਣਗੇ ਅਤੇ ਕੀਰਤਨੀ ਜਥਿਆਂ ਵੱਲੋਂ ਕਲਯੁੱਗ ਮੈਂ ਕੀਰਤਨ ਪ੍ਰਧਾਨਾ ਇਲਾਹੀ ਸ਼ਬਦ ਗੁਰਬਾਣੀ ਕੀਰਤਨ ਰਾਹੀਂ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਨੂੰ ਸ਼ਰਧਾਂਜ਼ਲੀ ਭੇਂਟ ਕਰਨਗੇ, ਸ਼ਹੀਦੀ ਬਰਸੀ ਤੇ ਵੱਖ ਵੱਖ ਧਾਰਮਿਕ ਸਿਆਸੀ ਸਮਾਜਿਕ ਆਗੂਆ ਤੋ ਇਲਾਵਾ ਸੈਂਕੜੇ ਨਿਹੰਗ ਸਿੰਘ ਜਥੇਬੰਦੀਆਂ ਦੇ ਜਥੇਦਾਰ ਸਾਹਿਬਾਨ ਆਪਣੀ ਫ਼ੌਜਾਂ ਸਮੇਤ ਸੰਗਤਾਂ ਦੇ ਦਰਸ਼ਨ ਕਰਨਗੇ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਗਾਜ਼ੀ ਕੋਟ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ, ਸਮਾਗਮ 'ਚ ਵਿਸ਼ੇਸ਼ ਤੌਰ ਤੇ ਸਰਬੱਤ ਖਾਲਸਾ ਦੇ ਚੀਫ ਕਮਾਂਡਰ ਤੇ ਦਮਦਮੀ ਟਕਸਾਲ ਦੀ ਮਹਾਨ ਧਾਰਮਿਕ ਸਖਸ਼ੀਅਤ ਭਾਈ ਮੋਹਕਮ ਸਿੰਘ ਜੀ, ਬੁੱਢੇ ਦਲ ਦੇ ਜਥੇਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਸਰਵਣ ਸਿੰਘ ਰਸਾਲਦਾਰ ਤੇ ਹੋਰ ਆਗੂ ਪਹੁੱਚ ਰਹੇ ਹਨ, ਇਸ ਸਬੰਧੀ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਦੇ ਸਤਿਕਾਰਯੋਗ ਪਿਤਾ ਜੀ ਤੋਂ ਸ਼ਹੀਦੀ ਸਮਾਗਮ ਸਬੰਧੀ ਜਾਣਕਾਰੀ ਹਾਸਲ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ ਉਹਨਾਂ ਦੱਸਿਆ ਸਮਾਗਮ'ਚ ਹਜ਼ਾਰਾਂ ਸੰਗਤਾਂ ਦੇ ਪਹੁੰਚਣ ਲਈ ਸਾਰੇ ਪ੍ਰਬੰਧ ਪੂਰੇ ਕਰ ਲਏ ਗਏ ਹਨ ਅਤੇ ਗੁਰੂ ਕਾ ਲੰਗਰ ਐਨ ਆਈ ਆਰ ਭਰਾਵਾਂ ਤੇ ਸੰਗਤਾਂ ਵੱਲੋਂ ਕੀਤੀ ਗਿਆ, ਭਾਈ ਖਾਲਸਾ ਨੇ ਦੱਸਿਆ ਇਹ ਅਸਥਾਨ ਗੁਰਦਾਸਪੁਰ ਤੋਂ ਪੰਜ ਕਿਲੋਮੀਟਰ ਦੂਰੀ ਤੇ ਸਥਿਤ ਹੈ ਸਮੂਹ ਸਥਾਨਕ ਸੰਗਤਾਂ ਨੂੰ ਹੁੰਮਹੁਮਾ ਕਿ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਨੂੰ ਸ਼ਰਧਾਂਜਲੀ ਭੇਂਟ ਕਰਨ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ।




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ
ਵਿਖੇ ਸ੍ਰੀ ਨਨਕਾਣਾ ਸਾਹਿਬ
ਤੋਂ ਇਲਾਵਾ 25 ਹੋਰ
ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

**ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK**

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223